MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St.,Vancouver

ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL. : 10 ISSUE : 43 SATURDAY, 22 OCTOBER, 2022
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
• ਲਾਇਫ ਇੰਸ਼ੋਰੈਂਸ • ਟ੍ਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• RESP,RRSP's
• ਮੋਰਟਗੇਜ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
• ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

ਅਦਾਰਾ 'ਪੰਜਾਬ ਲਿੰਕ' ਵੱਲੋਂ ਆਪ ਸਭ ਨੂੰ
ਦੀਵਾਲੀ ਦੀਆਂ ਮੁਬਾਰਕਾਂ !

# ਨਵੀਂ ਚੁਣੀ ਮੇਅਰ ਬਰੈਂਡਾ ਲੌਕ ਵਲੋਂ ਪੁਲਿਸ ਟਰਾਂਜ਼ੀਸ਼ਨ ਨੂੰ ਰੋਕਣ ਦਾ ਪ੍ਰਣ

## ਪਰ ਸਰੀ ਪੁਲਿਸ ਬੋਰਡ ਇਸ ਦੇ ਜਾਰੀ ਰਹਿਣ ਬਾਰੇ ਆਸਵੰਦ

ਸਰੀ-ਹੁਣ ਜਦੋਂ ਬਰੈਂਡਾ ਲੌਂਕ ਸਰੀ ਦੀ ਨਵੀਂ ਮੇਅਰ ਚੁਣੀ ਗਈ ਹੈ ਤਾਂ ਸਰੀ ਪੁਲਿਸ ਸਰਵਿਸ ਦਾ ਕਹਿਣਾ ਕਿ ਉਸ ਨੂੰ ਵਿਸ਼ਵਾਸ਼ ਹੈ ਕਿ ਪੁਲਿਸ ਟਰਾਂਜ਼ੀਸ਼ਨ ਜਾਰੀ ਰਹੇਗੀ ਪਰ ਲੌਂਕ ਦਾ ਕਹਿਣਾ ਕਿ ਉਹ ਪਹਿਲਾਂ ਤੋਂ ਇਸ ਨੂੰ ਰੋਕਣ ਲਈ ਕੰਮ ਕਰ ਰਹੀ ਹੈ। ਲੌਂਕ ਨੇ 15 ਅਕਤੂਬਰ ਨੂੰ ਮੌਜੂਦਾ ਮੇਅਰ ਡੱਗ ਮੈਕਲਮ ਖਿਲਾਫ ਕੁਝ ਵੋਟਾਂ ਨਾਲ ਜਿੱਤ ਹਾਸਲ ਕੀਤੀ ਹੈ, ਉਸ ਨੂੰ ਮੈਕਲਮ ਦੀਆਂ 32338 ਵੋਟਾਂ ਦੇ ਮੁਕਾਬਲੇ 33311 ਵੋਟਾਂ ਮਿਲੀਆਂ। ਸਰੀ ਦੀ ਨਵੀਂ ਚੁਣੀ ਗਈ ਮੇਅਰ ਨੇ ਕਈ ਵਾਰ ਕਿਹਾ ਕਿ ਉਸ ਦੀ ਪਹਿਲੀ ਤਰਜੀਹ ਆਰਸੀਐਮਪੀ ਦੀ ਮਿਉਂਸਪਲ ਪੁਲਿਸ ਫੋਰਸ ਨੂੰ ਟਰਾਂਜ਼ੀਸ਼ਨ ਰੋਕਣਾ ਹੈ ਜਿਸ ਦਾ ਮੈਕਲਮ ਦੀ ਅਗਵਾਈ ਵਾਲੀ ਕੌਂਸਲ ਨੇ ਐਲਾਨ ਕੀਤਾ ਸੀ। ਲੌਂਕ ਨੇ ਮੀਡੀਆ ਨੂੰ ਦੱਸਿਆ ਕਿ ਇਹ ਤਬਦੀਲੀ ਨਹੀਂ, ਸਾਰੀਆਂ ਚੀਜ਼ਾਂ ਚਲਦੀਆਂ ਰਹਿਣਗੀਆਂ, ਆਰਸੀਐਮਪੀ ਮੁੜ ਅੱਗੇ ਵਧੇਗੀ ਅਤੇ ਕੰਮ ਕਰੇਗੀ ਜਿਹੜੀ ਉਨ੍ਹਾਂ ਨੇ ਹਮੇਸ਼ਾ ਸਰੀ ਵਿਚ ਸਾਡੇ ਲਈ ਹੈ ਉਹ ਸੇਵਾ ਜਾਰੀ ਰਹੇਗੀ। ਆਰਸੀਐਮਪੀ ਅਜੇ ਵੀ ਕਾਨੂੰਨੀ ਅਧਿਕਾਰ ਖੇਤਰ ਵਾਲੀ ਪੁਲਿਸ ਹੈ। ਨਤੀਜੇ ਨਿਕਲਣ ਦੇ ਦਿਨ ਤੋਂ ਲੌਂਕ ਪੁਲਿਸ ਟਰਾਂਜ਼ੀਸ਼ਨ ਰੋਕਣ ਲਈ ਪਹਿਲਾਂ ਹੀ ਮੀਟਿੰਗਾਂ ਕਰ ਰਹੀ ਹੈ।



### ਸਰੀ ਪੁਲਿਸ ਵੱਲੋਂ ਨਵੇਂ ਮੇਅਰ ਨਾਲ ਚਰਚਾ

ਉਧਰ ਸਰੀ ਪੁਲਿਸ ਸਰਵਿਸ ਨੇ ਇਕ ਰਿਲੀਜ਼ ਵਿਚ ਕਿਹਾ ਕਿ ਉਹ ਮਾਮਲੇ 'ਤੇ ਨਵੇਂ ਮੇਅਰ ਤੇ ਕੌਂਸਲ ਨਾਲ ਚਰਚਾ ਕਰਨ ਦਾ ਇੰਤਜ਼ਾਰ ਕਰ ਰਹੇ ਹਨ ਅਤੇ ਉਹ ਐਸਪੀਐਸ ਦੇ ਨਿਰੰਤਰ ਵਿਕਾਸ ਅਤੇ ਪੁਲਿਸ ਟਰਾਂਜ਼ੀਸ਼ਨ ਦੀ ਸਥਿਤੀ ਬਾਰੇ ਨਵੀਂ ਸਰੀ ਸਿਟੀ ਕੌਂਸਲ ਨੂੰ ਜਾਣਕਾਰੀ ਦੇਣਗੇ। ਪੁਲਿਸ ਟਰਾਂਜ਼ੀਸ਼ਨ ਸਰਕਾਰ ਦੇ ਤਿੰਨ ਪੱਧਰਾਂ ਦੇ ਨਿਰਦੇਸ਼ਾਂ ਹੇਠਾਂ ਵਧੀਆ ਪ੍ਰਗਤੀ ਕਰ ਰਹੀ ਹੈ। ਐਸਪੀਐਸ ਨੇ ਕਿਹਾ ਕਿ ਨਵੀਂ ਪੁਲਿਸ ਫੋਰਸ ਵਿਚ ਪਹਿਲਾਂ ਲੱਖਾਂ ਡਾਲਰ ਦਾ ਨਿਵੇਸ਼ ਕੀਤਾ ਜਾ ਚੁੱਕਾ ਹੈ ਅਤੇ 350 ਮੈਂਬਰਾਂ ਦਾ ਸਟਾਫ ਸਰੀ ਪੁਲਿਸ ਹੇਠ ਕੰਮ ਕਰ ਰਿਹਾ ਹੈ ਅਤੇ 150 ਤੋਂ ਵੀ ਵੱਧ ਅਫਸਰ ਸਰੀ ਵਿਚ ਪੁਲਿਸ ਸੇਵਾ ਵਿਚ ਕੰਮ ਕਰ ਰਹੇ ਹਨ। (ਬਾਕੀ ਸਫ਼ਾ 6 'ਤੇ)

# ਡੱਗ ਮੈਕਲਮ ਨੂੰ ਮਿਉਂਸਪਲ ਚੋਣਾਂ 'ਚ ਹਾਰ ਸਵੀਕਾਰ ਨਹੀਂ

## ਜੁਡੀਸ਼ੀਅਲ ਗਿਣਤੀ ਦੀ ਮੰਗ



ਸਰੀ-ਸਰੀ ਦੇ ਮੇਅਰ ਡੱਗ ਮੈਕਲਮ ਦੀ ਪਾਰਟੀ ਸੇਫ ਸਰੀ ਕੁਲੀਸ਼ਨ ਨੇ ਇਕ ਬਿਆਨ ਵਿਚ ਕਿਹਾ ਕਿ 1000 ਤੋਂ ਘੱਟ ਵੋਟਾਂ ਦੇ ਫਰਕ ਕਾਰਨ ਮੇਅਰ ਡੱਗ ਮੈਕਲਮ ਇਸ ਸਮੇਂ ਹਾਰ ਸਵੀਕਾਰ ਨਹੀਂ ਕਰ ਰਹੇ। ਪਾਰਟੀ ਨੇ ਕਿਹਾ ਕਿ ਉਸ ਦੇ ਸਲਾਹਕਾਰ ਸਥਾਨਕ ਸਰਕਾਰਾਂ ਬਾਰੇ ਐਕਟ ਦੀ ਧਾਰਾ 148 ਦੀ ਸਮੀਖਿਆ ਕਰ ਰਹੇ ਹਨ ਜਿਸ ਵਿਚ ਬੀਸੀ ਦੀ ਸੁਪਰੀਮ ਕੋਰਟ ਰਾਹੀਂ ਨਿਆਂਇਕ ਮੁੜ ਗਿਣਤੀ ਲਈ ਬੇਨਤੀ ਕਰਨ ਦੇ ਨਿਯਮਾਂ ਦੀ ਰੂਪ ਰੇਖਾ ਹੁੰਦੀ ਹੈ। ਸਨਿਚਰਵਾਰ ਦੇ ਚੋਣ ਨਤੀਜੇ ਜਾਰੀ ਹੋਣ ਪਿੱਛੋਂ ਮੈਕਲਮ, ਬਰੈਂਡਾ ਲੋਕੇ ਤੋਂ ਮਾਤ ਖਾ ਗਏ ਜਿਸ ਨੇ ਮੈਕਲਮ ਦੀਆਂ 32338 ਵੋਟਾਂ ਦੇ ਮੁਕਾਬਲੇ 33311 ਵੋਟਾਂ ਹਾਸਲ ਕੀਤੀਆਂ। ਦੋਵਾਂ ਨੇ ਮੁੱਖ ਰੂਪ ਵਿਚ ਇਸ ਗੱਲ ਨੂੰ ਲੈ ਕੇ ਤਿੱਖੀ ਲੜਾਈ ਲੜੀ ਕਿ ਕੀ ਸਰੀ ਆਰਸੀਐਮਪੀ ਦੀ ਥਾਂ ਮਿਉਂਸਪਲ ਪੁਲਿਸ ਫੋਰਸ (ਬਾਕੀ ਸਫ਼ਾ 10 'ਤੇ)

For All Kind of Real Estate Needs
ਕਾਬਲੀਅਤ, ਤਜ਼ੁਰਬਾ ਅਤੇ ਸਮਝਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S. KALSEY AVINEET S. KALSEY
• ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
• ਅਸੀਂ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal
778-723-6900

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
•Complete Denture
•Implant Denture
•Partial Denture
•Reline, Rebase
•Emergency Repair
•Mouth / Night Guard
Open Seven Days | Care Home Mobile Service
Gagan Chahal R.D.
Registered Denturist
Office: 778-600.0811, Gagan@DenturistBC.com
Address: 13117, 67A Ave. Surrey, BC

Bank Turndown? Could be just what you need!
Quick Private Funds
- $10,000 to $1 Million in just 24 Hours
- Up to $5 Million Available
Call today to get started
SANJEEV KATYAL
604.767.5194
info@katyalmortgage.ca
invis
WWW.KATYALMORTGAGE.CA

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

ਇੰਸ਼ੋਰੈਂਸ ਦੇ ਮਾਹਰ
A INSURANCE
• ਲਾਇਫ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ
• ਵਿਜ਼ਟਰ ਇੰਸ਼ੋਰੈਂਸ
• ਟ੍ਰੈਵਲ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
• ਨੋਨ ਮੈਡੀਕਲ ਇੰਸ਼ੋਰੈਂਸ
• RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca

TRANSource FREIGHTWAYS
*First Time
Pin to Pin
(ਯਾਰਡ ਤੋਂ ਯਾਰਡ)
ਕੰਮ ਲਈ Drivers & Owner Operators ਚਾਹੀਦੇ ਹਨ
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
SUKHBIR SINGH
604.525.0527 Ext. 112

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

50+ YEARS OF EXPERIENCE

S T & A Simpson, Thomas & Associates
TRIAL LAWYERS

ਸਭ ਨੂੰ ਦੀਵਾਲੀ ਦੀਆਂ ਸ਼ੁਭਕਾਮਨਾਵਾਂ

STA wishes our beloved Indo-Canadian community a happy and safe Diwali.



REPRESENTING BRITISH COLUMBIANS FOR THEIR PERSONAL INJURY AND OTHER LEGAL NEEDS

For over 50 years, we have served thousands of clients across British Columbia, guided by our experience, assertiveness, and compassion.

We are our experienced lawyers, the trust of our clients and our thousands of successful cases. We are Simpson, Thomas & Associates.

Our staff is fluent in Punjabi and Hindi.



Mel Chaudhary
Partner
604 697 3251
mchaudhary@simpsonthomas.com

Call STA today at 604-229-6448 or fill out our online form to request a free consultation with our legal team. We have offices in Vancouver and Surrey/Delta.

www.simpsonthomas.com

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 10 ISSUE : 43 SATURDAY, 22 OCTOBER, 2022
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
App Store
Google play
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਛ ਖਬਰਾਂ ਕੁੱਛ ਗੀਤ
12:00pm to 2:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com

# ਸੀਨੀਅਰ ਕਾਂਗਰਸੀ ਆਗੂ ਖੜਗੇ ਕਾਂਗਰਸ ਦੇ ਪ੍ਰਧਾਨ ਚੁਣੇ ਗਏ

## ਮੁਕਾਬਲੇ ਵਿਚ ਸ਼ਸ਼ੀ ਥਰੂਰ ਨੂੰ 9897 ਵੋਟਾਂ ਨਾਲ ਹਰਾਇਆ

ਨਵੀ ਦਿੱਲੀ (ਦਿਓਲ)-ਕਾਂਗਰਸ ਦੇ 137 ਸਾਲਾ ਇਤਿਹਾਸ ਵਿਚ 24 ਸਾਲਾ ਬਾਦ ਖੜਗੇ ਬਣੇ ਗਾਂਧੀ ਪਰਿਵਾਰ ਤੋਂ ਬਾਹਰਲੇ ਮਲਿਕਾਰਜੁਨ ਖੜਗੇ ਕਾਂਗਰਸ ਦੇ ਨਵੇਂ ਪ੍ਰਧਾਨ ਚੁਣੇ ਗਏ ਹਨ। ਖੜਗੇ ਨੇ ਪਾਰਟੀ ਪ੍ਰਧਾਨ ਲਈ 6ਵੀਂ ਵਾਰ ਹੋਈ ਚੋਣ ਵਿੱਚ ਸ਼ਸ਼ੀ ਥਰੂਰ ਨੂੰ ਹਰਾਇਆ। ਖੜਗੇ ਦੀ ਚੋਣ ਨਾਲ 24 ਸਾਲਾਂ ਬਾਅਦ ਕਾਂਗਰਸ ਦੀ ਕਮਾਨ ਗਾਂਧੀ ਪਰਿਵਾਰ ਤੋਂ ਬਾਹਰਲੇ ਕਿਸੇ ਸ਼ਖ਼ਸ ਹੱਥ ਆਈ ਹੈ। ਇਸ ਤੋਂ ਪਹਿਲਾਂ ਸੀਤਾਰਾਮ ਕੇਸਰੀ ਗ਼ੈਰ-ਗਾਂਧੀ ਕਾਂਗਰਸ ਪ੍ਰਧਾਨ ਸਨ, ਜਿਨ੍ਹਾਂ ਨੂੰ 1998 ਵਿੱਚ ਦੋ ਸਾਲ ਦੇ ਕਾਰਜਕਾਲ ਮਗਰੋਂ ਗੈਰਰਸਮੀ ਤਰੀਕੇ ਨਾਲ ਹਟਾ ਦਿੱਤਾ ਗਿਆ ਸੀ। ਕਾਂਗਰਸ ਦੀ ਕੇਂਦਰੀ ਚੋਣ ਅਥਾਰਿਟੀ ਦੇ ਚੇਅਰਮੈਨ ਮਧੂਸੂਦਨ ਮਿਸਤਰੀ ਨੇ ਖੜਗੇ ਨੂੰ ਜੇਤੂ ਐਲਾਨਦਿਆਂ ਕਿਹਾ ਕਿ ਕਾਂਗਰਸ ਪ੍ਰਧਾਨ ਦੀ ਚੋਣ ਲਈ ਕੁੱਲ 9385 ਵੋਟਾਂ ਪੋਲ ਹੋਈਆਂ, ਜਿਸ ਵਿੱਚੋਂ ਖੜਗੇ ਨੂੰ 7897 ਤੇ ਥਰੂਰ ਨੂੰ 1072 ਵੋਟਾਂ ਪਈਆਂ ਜਦਕਿ 416 ਵੋਟਾਂ ਅਯੋਗ ਨਿਕਲੀਆਂ। ਖੜਗੇ, ਜਿਨ੍ਹਾਂ ਨੂੰ ਪੋਲਿੰਗ ਦੌਰਾਨ 84 ਫੀਸਦ ਦੇ ਕਰੀਬ ਵੋਟਾਂ ਪਈਆਂ, 26 ਅਕਤੂਬਰ ਨੂੰ ਰਸਮੀ ਤੌਰ 'ਤੇ ਕਾਂਗਰਸ ਪ੍ਰਧਾਨ ਦਾ ਅਹੁਦਾ ਸੰਭਾਲਣਗੇ। ਉਧਰ ਥਰੂਰ ਟੀਮ ਨੇ ਕੇਂਦਰੀ ਚੋਣ ਅਥਾਰਿਟੀ ਨੂੰ ਲਿਖੇ ਪੱਤਰ ਵਿੱਚ ਉੱਤਰ ਪ੍ਰਦੇਸ਼, ਪੰਜਾਬ ਤੇ ਤਿਲੰਗਾਨਾ ਵਿੱਚ ਪੋਲਿੰਗ ਦੌਰਾਨ 'ਗੰਭੀਰ ਬੇਨਿਯਮੀਆਂ' ਹੋਣ ਦਾ ਦਾਅਵਾ ਕੀਤਾ ਹੈ। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ੍ਰੀ ਖੜਗੇ ਨੂੰ ਕਾਂਗਰਸ ਪ੍ਰਧਾਨ ਚੁਣੇ ਜਾਣ 'ਤੇ ਵਧਾਈ ਦਿੱਤੀ ਹੈ। ਇਥੇ ਏਆਈਸੀਸੀ ਹੈੱਡਕੁਆਰਟਰ 'ਤੇ ਚੋਣ ਨਤੀਜਿਆਂ ਦਾ ਐਲਾਨ ਕਰਨ ਲਈ ਰੱਖੀ ਪ੍ਰੈੱਸ ਕਾਨਫਰੰਸ ਦੌਰਾਨ ਪੱਤਰਕਾਰਾਂ ਨੇ ਥਰੂਰ ਟੀਮ ਵੱਲੋਂ ਕੀਤੀਆਂ ਸ਼ਿਕਾਇਤਾਂ ਬਾਰੇ ਪੁੱਛਿਆ ਤਾਂ ਮਿਸਤਰੀ ਨੇ ਕਿਹਾ ਕਿ



*(ਬਾਕੀ ਸਫ਼ਾ 7 'ਤੇ*

# ਸ਼੍ਰੋਮਣੀ ਕਮੇਟੀ ਵਲੋਂ ਹਰਿਆਣਾ ਦੀ ਵੱਖਰੀ ਕਮੇਟੀ ਬਣਾਏ ਜਾਣ ਵਿਰੁੱਧ ਸੁਪਰੀਮ ਕੋਰਟ 'ਚ ਨਜ਼ਰਸਾਨੀ ਪਟੀਸ਼ਨ ਦਾਇਰ

ਅੰਮ੍ਰਿਤਸਰ -ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹਰਿਆਣਾ ਸਿੱਖ ਗੁਰਦੁਆਰਾ ਕਮੇਟੀ ਬਣਾਏ ਜਾਣ ਦੇ ਫ਼ੈਸਲੇ ਖ਼ਿਲਾਫ਼ ਸੁਪਰੀਮ ਕੋਰਟ 'ਚ ਨਜ਼ਰਸਾਨੀ ਪਟੀਸ਼ਨ ਦਾਇਰ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਦੀ ਸਾਲਾਨਾ ਚੋਣ ਵਾਸਤੇ ਜਨਰਲ ਇਜਲਾਸ ਵੀ 9 ਨਵੰਬਰ ਨੂੰ ਸੱਦ ਲਿਆ ਗਿਆ ਹੈ। ਇਹ ਜਾਣਕਾਰੀ ਅੱਜ ਇੱਥੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦਿੱਤੀ। ਇਸ ਤੋਂ ਪਹਿਲਾਂ ਉਨ੍ਹਾਂ ਧਰਮ ਪ੍ਰਚਾਰ ਕਮੇਟੀ ਦੀ ਮੀਟਿੰਗ ਕੀਤੀ। ਮੀਡੀਆ ਨਾਲ ਗੱਲ ਕਰਦਿਆਂ ਐਡਵੋਕੇਟ ਧਾਮੀ ਨੇ ਦੱਸਿਆ ਕਿ ਸੁਪਰੀਮ ਕੋਰਟ ਵੱਲੋਂ ਹਰਿਆਣਾ 'ਚ ਵੱਖਰੀ ਗੁਰਦੁਆਰਾ ਕਮੇਟੀ ਐਕਟ ਨੂੰ ਮਾਨਤਾ ਦੇਣ ਦੇ ਫ਼ੈਸਲੇ ਖ਼ਿਲਾਫ਼ ਸ਼੍ਰੋਮਣੀ ਕਮੇਟੀ ਨੇ ਸੁਪਰੀਮ ਕੋਰਟ 'ਚ ਨਜ਼ਰਸਾਨੀ ਪਟੀਸ਼ਨ ਦਾਇਰ ਕੀਤੀ ਹੈ। ਸ਼੍ਰੋਮਣੀ ਕਮੇਟੀ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਹਰਿਆਣਾ ਦੇ ਮੈਂਬਰ ਹਰਭਜਨ ਸਿੰਘ ਮਸਾਣਾ ਨੇ ਵੀ ਇਕ ਨਜ਼ਰਸਾਨੀ ਪਟੀਸ਼ਨ ਦਾਇਰ ਕੀਤੀ ਹੈ। ਇਸ ਮਾਮਲੇ ਵਿੱਚ ਪਹਿਲਾਂ ਵੀ ਹਰਭਜਨ ਸਿੰਘ ਮਸਾਣਾ ਨੇ ਹੀ ਪਟੀਸ਼ਨ ਦਾਇਰ ਕੀਤੀ ਸੀ ਜਿਸ 'ਤੇ ਸੁਪਰੀਮ ਕੋਰਟ ਨੇ ਫ਼ੈਸਲਾ ਕਰਦਿਆਂ ਹਰਿਆਣਾ ਦੀ ਵੱਖਰੀ ਗੁਰਦੁਆਰਾ ਕਮੇਟੀ ਐਕਟ ਨੂੰ ਦਿੱਤੀ ਮਾਨਤਾ ਨੂੰ ਬਹਾਲ ਰੱਖਿਆ ਸੀ। ਸਰੋਮਣੀ ਕਮੇਟੀ ਇਸ ਫ਼ੈਸਲੇ ਦਾ ਵਿਰੋਧ ਕਰ ਰਹੀ ਹੈ ਤੇ ਇਸ ਖ਼ਿਲਾਫ਼ ਸੂਬਾ ਭਰ ਵਿਚ ਰੋਸ ਮਾਰਚ ਵੀ ਕੀਤੇ ਹਨ।



GOLDMINE INSURANCE
A MEMBER OF ALL CANADIAN INSURANCE
Home, Business, Auto autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC

| EDUCATION ASSISTANT $8000 | HEALTH CARE ASSISTANT $5250 | PHARMACY ASSISTANT $5500 | CERTIFIED DENTAL ASSISTANT $14,000 |
|---|---|---|---|
| WAGES:$24-$28 PER HOUR | WAGES:$17-$26.50 PER HOUR | WAGES:$19.61-$27.30 PER HOUR | WAGES:$26-$30 PER HOUR |


ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey
Unit 201-8318 120 St.
Abbotsford
Unit 201-3670 Townline Rd.
South Surrey
Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੇਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca



# .ਗਜ਼ਲ ਮੰਚ ਸਰੀ ਵੱਲੋਂ ਬਲਦੇਵ ਸੀਹਰਾ ਦਾ .ਗਜ਼ਲ ਸੰਗ੍ਰਹਿ 'ਖਾਲੀ ਬੇੜੀਆਂ' ਰਿਲੀਜ਼

ਸਰੀ (ਹਰਦਮ ਮਾਨ)-.ਗਜ਼ਲ ਮੰਚ ਸਰੀ ਵੱਲੋਂ ਮੰਚ ਦੇ ਮਾਣਮੱਤੇ ਸ਼ਾਇਰ ਬਲਦੇਵ ਸੀਹਰਾ ਦਾ ਨਵ-ਪ੍ਰਕਾਸ਼ਿਤ .ਗਜ਼ਲ ਸੰਗ੍ਰਹਿ 'ਖਾਲੀ ਬੇੜੀਆਂ' ਇਕ ਸੰਖੇਪ ਸਮਾਗਮ ਦੌਰਾਨ ਰਿਲੀਜ਼ ਕੀਤਾ ਗਿਆ। ਬਲਦੇਵ ਸੀਹਰਾ ਨੂੰ ਨਵੀਂ ਪੁਸਤਕ ਲਈ ਮੁਬਾਰਕਬਾਦ ਦਿੰਦਿਆਂ ਮੰਚ ਦੇ ਪ੍ਰਧਾਨ ਅਤੇ ਨਾਮਵਰ ਸ਼ਾਇਰ ਜਸਵਿੰਦਰ ਨੇ ਕਿਹਾ ਕਿ ਬਲਦੇਵ ਸੀਹਰਾ ਦੀ ਸ਼ਾਇਰੀ ਵਿਚ ਦੁਸ਼ਵਾਰੀਆਂ ਦੇ ਵਿਚਾਲਦੀ ਇਕਰਸਤਾ ਦਿਖਾਈ ਦਿੰਦਾ ਹੈ ਜੋ ਪਾਠਕ ਨੂੰ ਉਦਾਸੀਆਂ ਤੋਂ ਪਾਰ ਲੈ ਜਾਂਦਾ ਹੈ। ਕੁਦਰਤ, ਸਮਾਜ ਅਤੇ ਵਿਅਕਤੀ ਦੀ ਬਾਹਰੀ ਅਤੇ ਅੰਦਰੂਨੀ ਕਸ਼ਮਕਸ਼ ਨੂੰ ਉਸ ਦੀ ਤੀਜੀ ਅੱਖ ਸਿਰਫ਼ ਵੇਖਦੀ ਪਛਾਣਦੀ ਹੀ ਨਹੀਂ ਸਗੋਂ ਇਹਨੂੰ ਹੰਢਣਸਾਰ ਬਣਾਉਣ ਦੀ ਵਿਧੀ ਵੱਲ ਵੀ ਇਸ਼ਾਰਾ ਕਰਦੀ ਹੈ। ਉਸਤਾਦ ਸ਼ਾਇਰ ਕ੍ਰਿਸ਼ਨ ਭਨੋਟ ਨੇ ਕਿਹਾ ਕਿ ਬਲਦੇਵ ਸੀਹਰਾ ਅਗਾਂਹਵਧੂ ਤੇ ਸਾਰਥਿਕ ਵਿਚਾਰਾਂ ਵਾਲਾ ਸ਼ਾਇਰ ਹੈ। ਉਹ ਜ਼ਿੰਦਗੀ ਦੀਆਂ ਵਿਸੰਗਤੀਆਂ, ਵਿਪਰੀਤੀਆਂ ਤੇ ਸਮਾਜਿਕ ਅਸੰਤੁਲਣ ਦੇ ਕਾਰਣਾਂ ਨੂੰ ਭਲੀਭਾਂਤ ਸਮਝਦਾ ਹੈ। ਉਹ ਨਿਰੰਤਰ ਸੰਘਰਸ਼ ਵਿਚ ਯਕੀਨ ਰੱਖਦਾ ਹੈ। ਅਨੇਕਾਂ, ਮੁਸ਼ਕਲਾਂ, ਮਜਬੂਰੀਆਂ, ਮਾਯੂਸੀਆਂ ਦੇ ਬਾਵਜੂਦ ਉਹ ਸਿਦਕ, ਸਿਰੜ, ਸੱਚ ਦਾ ਦਾਮਨ ਹੱਥੋਂ ਨਹੀਂ ਜਾਣ ਦਿੰਦਾ, ਉਸਦਾ ਦ੍ਰਿਸ਼ਟੀਕੋਣ ਆਸ਼ਾਵਾਦੀ ਹੈ, ਕਿੰਨੀਆਂ ਵੀ ਮਜਬੂਰੀਆਂ, ਰੁਕਾਵਟਾਂ, ਮੁਸ਼ਕਲਾਂ, ਦੁਸ਼ਵਾਰੀਆਂ ਹੋਣ ਉਹ ਨਿਰਾਸ਼ ਨਹੀਂ ਹੁੰਦਾ। ਉਸਤਾਦ ਸ਼ਾਇਰ ਗੁਰਦਿਆਲ ਰੌਸ਼ਨ ਨੇ ਕਿਹਾ ਕਿ .ਗਜ਼ਲ ਵਿਚ ਸਾਦਗੀ, ਸਰਲਤਾ ਤੇ ਲੋਕ ਬੋਲੀ ਦੀ ਵਰਤੋਂ ਦਾ ਮਹੱਤਵਪੂਰਨ ਸਥਾਨ ਹੈ ਤੇ ਸੀਹਰਾ ਦੀਆਂ .ਗਜ਼ਲਾਂ ਦੇ ਸ਼ਿਅਰਾਂ ਵਿਚ ਇਨ੍ਹਾਂ ਵਿਸ਼ੇਸ਼ਤਾਵਾਂ ਨੂੰ ਸਹਿਜੇ ਹੀ ਦੇਖਿਆ ਜਾ ਸਕਦਾ ਹੈ। ਉਹ ਨਾ ਤਾਂ ਕਾਫ਼ੀਆ ਪੈਮਾਈ ਵਿਚ ਵਿਸ਼ਵਾਸ ਰੱਖਦਾ ਹੈ ਨਾ ਹੀ ਆਪਣੇ ਸ਼ਿਅਰਾਂ ਨੂੰ ਏਨਾ ਮੁਸ਼ਕਿਲ ਰੂਪ ਦਿੰਦਾ ਹੈ ਕਿ ਉਹ ਪਾਠਕ ਦਾ ਇਮਤਿਹਾਨ ਲੈਣ ਦੀ ਹੱਦ ਤਕ ਪਹੁੰਚ ਜਾਵੇ। ਉਹ .ਗਜ਼ਲ ਦੇ ਨਿਯਮਾਂ ਦਾ ਪਾਲਣ ਕਰਨ ਵਾਲਾ .ਗਜ਼ਲਕਾਰ ਹੈ। ਉਹ ਤ.ਗਜ਼ਲ, ਸ਼ਬਦ ਦੇ ਉਚਾਰਨ ਤੇ ਬਹਿਰਾਂ ਬਾਰੇ ਹਮੇਸ਼ਾਂ ਸੁਚੇਤ ਰਹਿੰਦਾ ਹੈ। ਸ਼ਾਇਰ ਰਾਜਵੰਤ ਰਾਜ ਦਾ ਕਹਿਣਾ ਸੀ ਕਿ ਬਲਦੇਵ ਸੀਹਰਾ ਦੀ ਸ਼ਾਇਰੀ ਦੇ ਧੁਰ ਅੰਦਰ ਵਿਗੋਚੇ ਦਾ ਅਹਿਸਾਸ ਲੁਕਿਆ ਹੋਇਆ ਹੈ ਜੋ ਕਈ ਰੂਪ ਧਾਰ ਕੇ ਸ਼ਿਅਰਾਂ ਵਿਚ ਪਰਗਟ ਹੁੰਦਾ ਹੈ। ਮੁਹੱਬਤ ਉਸਦੀ ਸ਼ਾਇਰੀ ਦੀ ਨੀਂਹ ਹੈ। ਇਸੇ ਉੱਤੇ ਹੀ ਉਸਦੀ ਸਾਰੀ ਸ਼ਾਇਰੀ ਖੜ੍ਹੀ ਹੈ। ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਸ਼ਾਇਰ ਮੋਹਨ ਗਿੱਲ, ਹਰਦਮ ਮਾਨ, ਦਵਿੰਦਰ ਗੌਤਮ, ਜਰਨੈਲ ਸਿੰਘ ਆਰਟਿਸਟ ਅਤੇ ਪ੍ਰੀਤ ਮਨਪ੍ਰੀਤ ਨੇ ਵੀ ਇਸ .ਗਜ਼ਲ ਸੰਗ੍ਰਹਿ ਲਈ ਬਲਦੇਵ ਸੀਹਰਾ ਨੂੰ ਵਧਾਈ ਦਿੱਤੀ। ਅੰਤ ਵਿਚ ਬਲਦੇਵ ਸੀਹਰਾ ਨੇ ਸਭਨਾਂ ਦਾ ਧੰਨਵਾਦ ਕੀਤਾ।

## ਮੇਅਰ ਨੇ ਕਾਰ ਦਾ ਵੱਡਾ ਨੁਕਸਾਨ ਕਰਕੇ ਵਾਪਸ ਕੀਤੀ-ਜੈਕ ਹੁੰਦਲ

ਸਰੀ-ਸਰੀ ਦੇ ਅਹੁਦੇ ਤੋਂ ਹਟ ਰਹੇ ਮੇਅਰ ਵਲੋਂ ਵਰਤੀ ਜਾਂਦੀ ਕਾਰ ਨੂੰ ਵੀਕਐਂਡ 'ਤੇ ਵਾਪਸ ਕਰ ਦਿੱਤਾ ਗਿਆ ਹੈ ਜਿਸ ਨੂੰ ਕਾਫੀ ਨੁਕਸਾਨ ਪੁੱਜਾ ਹੋਇਆ ਹੈ। ਸਿਟੀ ਆਫ ਸਰੀ ਦੀ ਮਲਕੀਅਤ ਵਾਲੀ ਕਾਰ ਵਰਕਸ ਯਾਰਡ ਨੂੰ ਭੇਜੇ ਜਾਣ ਪਿੱਛੋਂ ਪੁਲਿਸ ਫਾਈਲ ਖੋਲ੍ਹੀ ਗਈ ਹੈ। ਸਰੀ ਦੇ ਕੌਂਸਲਰ ਜੈਕ ਹੁੰਦਲ ਨੇ ਕਿਹਾ ਕਿ ਲਗਦਾ ਹੈ ਕਿ ਕਾਰ ਅਹੁਦੇ ਤੋਂ ਹਟ ਰਹੇ ਮੇਅਰ ਡੱਗ ਮੈਕਲਸ ਵਾਲੇ ਆਪਣੇ ਕਾਰਜਕਾਰ ਦੌਰਾਨ ਵਰਤੀ ਗਈ ਸੀ। ਹੁੰਦਲ ਨੇ ਵਾਈਟ ਬੁਇਕ ਕਾਰ ਦੀ ਟਵਿੱਟਰ 'ਤੇ ਤਸਵੀਰ ਪੋਸਟ ਕੀਤੀ ਹੈ ਜਿਸ ਦੇ ਪੈਸੰਜਰ ਵਾਲੇ ਪਾਸੇ ਨੂੰ ਨੁਕਸਾਨ ਪੁੱਜਾ ਹੋਇਆ ਹੈ।

JJB INSURANCE
Sarban Singh Sidhu
604-507-6866
#1, 13791, 72 AVE, SURREY (NEAR FRUITICANA)
BBB ACCREDITED BUSINESS
We Are Specialist In Setting Up New Prorate Co, Fleet, Cargo
Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |



HOUSE INSURANCE
UP TO 65% DISCOUNT AVAILABLE
*RATES SUBJECT TO CHANGE WITHOUT ANY NOTICE
THESE RATES INCLUDE:-
• REPLACEMENT COST ON DWELLING & CONTENTS
• SEWER BACKUP • CLAIM FREE DISCOUNT
• SENIOR / MORTGAGE FREE DISCOUNT
• HOME PROTECTION DISCOUNT
• NEW HOME DISCOUNT • DEDUCTIBLE DISCOUNT
Life • Critical • Disability • RRSP • RESP • Visitor • Super Visa
Ask for Special Rate for Super Visa Insurance
Money Back upon Visa Declined
• ਪਹਿਲੀ ਵਾਰ ਘਰ ਖ੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
• ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ
Wawanesa Insurance
Call Us Before You Renew / Buy Any Insurance Lien & Accident Search Available

ਬੀ.ਸੀ. ਵਿੱਚ ਕੋਵਿਡ-19

ਕੁਝ ਅਜਿਹੇ ਲੋਕ ਵੀ ਹਨ, ਜੋ ਕਮਜ਼ੋਰ ਹਨ। ਬੂਸਟਰ ਲਗਵਾ ਕੇ ਉਹਨਾਂ ਨੂੰ ਗੰਭੀਰ ਬੀਮਾਰੀ ਤੋਂ ਬਚਾਉਣ ਵਿੱਚ ਮਦਦ ਕਰੋ।

ਡਾ. ਟਾਈਟਸ ਵੌਂਗ
ਰੀਜਨਲ ਮੈਡੀਕਲ ਡਾਇਰੈਕਟਰ
ਇਨਫੈਕਸ਼ਨ ਕੰਟਰੋਲ

ਆਪਣੇ ਟੀਕਾਕਰਨ ਨੂੰ ਅੱਪ-ਟੂ-ਡੇਟ ਰੱਖਣਾ ਮਹੱਤਵਪੂਰਨ ਹੈ, ਜਿਸ ਵਿੱਚ ਯੋਗ ਹੋਣ 'ਤੇ ਕੋਵਿਡ-19 ਬੂਸਟਰ ਪ੍ਰਾਪਤ ਕਰਨਾ ਸ਼ਾਮਲ ਹੈ। ਆਪਣੀ ਅਤੇ ਦੂਜਿਆਂ ਦੀ ਸੁਰੱਖਿਆ ਕਰਨ ਵਿੱਚ ਮਦਦ ਕਰੋ।



ਅੱਜ ਹੀ ਆਪਣਾ ਬੂਸਟਰ ਟੀਕਾ ਬੁੱਕ ਕਰੋ
gov.bc.ca/booster-PUN
BRITISH COLUMBIA


# ਯੂ.ਬੀ.ਸੀ. ਵੈਨਕੂਵਰ ਦੇ ਗੌਲਫ ਕੋਰਸ ਦੇ ਪਾਰਕਿੰਗ ਲੌਟ ਵਿਚ ਗੋਲੀ ਚੱਲੀ-ਇਕ ਜਣੇ ਦੀ ਮੌਤ



ਸਰੀ-ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਦੇ ਗੌਲਫ ਕਲੱਬ ਵਿੱਚ ਕੱਲ੍ਹ ਸਵੇਰੇ ਗੋਲੀਬਾਰੀ ਦੀ ਵਾਰਦਾਤ ਵਿਚ ਇਕ ਜਣੇ ਦੀ ਮੌਤ ਦਾ ਪਤਾ ਲੱਗਿਆ ਹੈ। ਇੰਟੈਗ੍ਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ (ਆਈ.ਹਿਟ) ਵੱਲੋਂ ਜਾਰੀ ਕੀਤੀ ਗਈ ਜਾਣਕਾਰੀ ਅਨੁਸਾਰ ਪੁਲਿਸ ਨੂੰ ਸਵੇਰੇ ਕਰੀਬ 9.49 ਵਜੇ ਇਸ ਇਲਾਕੇ ਵਿਚ ਗੋਲੀ ਚੱਲਣ ਦੀ ਸੂਚਨਾ ਮਿਲੀ। ਜਦੋਂ ਪੁਲਿਸ ਘਟਨਾ ਸਥਾਨ ਤੇ ਪੁੱਜੀ ਤਾਂ ਉੱਥੇ ਯੂਨੀਵਰਸਿਟੀ ਦੇ ਕੋਲ ਪੈਸੀਫਿਕ ਸਪਿਰਿਟ ਰੀਜਨਲ ਪਾਰਕ ਦੇ ਇਲਾਕੇ ਵਿਚ ਵਿਅਕਤੀ ਨੂੰ ਗੋਲੀ ਲੱਗਣ ਕਾਰਨ ਮ੍ਰਿਤ ਪਾਇਆ ਗਿਆ। ਆਈ.ਹਿਟ ਅਨੁਸਾਰ ਪੀੜਤ ਨੇ ਮੌਕੇ 'ਤੇ ਹੀ ਦਮ ਤੋੜ ਦਿੱਤਾ ਸੀ। ਇਸ ਘਟਨਾ ਵਿਚ ਕਿਸੇ ਹੋਰ ਦੇ ਜ਼ਖ਼ਮੀ ਹੋਣ ਬਾਰੇ ਨਹੀਂ ਦੱਸਿਆ ਗਿਆ। ਇਹ ਵੀ ਪਤਾ ਲੱਗਿਆ ਹੈ ਕਿ ਗੌਲਫ ਕੋਰਸ ਤੋਂ ਥੋੜ੍ਹੀ ਦੂਰ ਡਨਬਾਰ ਅਤੇ ਸਾਊਥਲੈਂਡਸ ਦੇ ਇਲਾਕੇ ਵਿਚ ਇਕ ਕਾਰ ਨੂੰ ਅੱਗ ਲੱਗਣ ਦੀ ਘਟਨਾ ਵੀ ਵਾਪਰੀ ਹੈ। ਇਸੇ ਦੌਰਾਨ ਪੁਲਿਸ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਇਸ ਘਟਨਾ ਸੰਬੰਧੀ ਕੋਈ ਜਾਣਕਾਰੀ ਹੋਵੇ ਤਾਂ ਪੁਲਿਸ ਨੂੰ ਸੂਚਿਤ ਕੀਤਾ ਜਾਵੇ।

# ਲਿਬਰਲ ਮੰਤਰੀ ਨੇ ਸਰਕਾਰੀ ਦਸਤਾਵੇਜ਼ਾਂ ਤੇ ਪਿਛਲੀ ਤਾਰੀਕ ਪਾਕੇ ਅਦਾਲਤ ਨੂੰ ਗੁਮਰਾਹ ਕਰਨ ਦਾ ਯਤਨ ਕੀਤਾ

ਵੈਨਕੂਵਰ-ਲਿਬਰਲ ਕੈਬਨਿਟ ਮੰਤਰੀ ਮਾਰਕੋ ਮੈਂਡੀਸਿਨੋ ਨੇ ਕਥਿਤ ਰੂਪ ਵਿਚ ਸਰਕਾਰੀ ਕਾਨੂੰਨ ਨੂੰ ਲਾਗੂ ਕਰਨ ਲਈ ਫੈਡਰਲ ਕੋਰਟ ਮਾਮਲੇ ਵਿਚ ਪਿਛਲੇ ਸਮੇਂ ਤੋਂ ਲਾਗੂ ਦਸਤਾਵੇਜ਼ ਪੇਸ਼ ਕੀਤੇ ਹਨ। 2019 ਵਿਚ ਸੰਸਦ ਨੇ ਇਕ ਬਿੱਲ ਪਾਸ ਕੀਤਾ ਸੀ ਜਿਸ ਦਾ ਪਹਿਲਾਂ ਨਾਂਅ ਟਰੇਡਮਾਰਕ ਸਮੂਹ ਵਾਲਾ ਸੀ ਜਿਹੜਾ ਕਾਲਜ ਆਫ ਇਮੀਗ੍ਰੇਸ਼ਨ ਐਂਡ ਸਿਟੀਜ਼ਨਸ਼ਿਪ ਕਨਸਲਟੈਂਟਸ ਐਕਟ ਹੈ। ਵੈਨਕੂਵਰ ਦੀ ਕੰਪਨੀ ਜਿਹੜੀ ਟਰੇਡਮਾਰਕ ਦੀ ਮਾਲਕ ਹੈ ਨੇ ਕਾਲਜ ਆਫ ਇਮੀਗ੍ਰੇਸ਼ਨ ਐਂਡ ਸਿਟੀਜ਼ਨਸ਼ਿਪ ਕੰਸਲਟੈਂਟਸ ਸਿਰਲੇਖ ਦੀ ਵਰਤੋਂ ਕਰਦਿਆਂ ਟਰੇਡਮਾਰਕ ਐਕਟ ਦੀ ਉਲੰਘਣਾ ਲਈ ਸਰਕਾਰ ਨੂੰ ਅਦਾਲਤ ਵਿਚ ਖਿੱਚ ਲਿਆ। 20 ਨਵੰਬਰ 2020 ਸਮੇਂ ਫੈਡਰਲ ਅਦਾਲਤ ਦਾ ਹੁਕਮ ਇਸ ਗੱਲ 'ਤੇ ਆਧਾਰਤ ਸੀ ਕਿ ਬਿੱਲ ਕਦੋਂ ਪਾਸ ਕੀਤਾ ਗਿਆ ਸੀ ਅਤੇ ਜੇਕਰ ਇਹ ਪਹਿਲਾਂ ਹੀ ਲਾਗੂ ਹੋ ਗਿਆ ਸੀ ਤਾਂ ਉਹ ਕਿਹੜਾ ਸਮਾਂ ਸੀ। ਮੈਂਡੀਸਿਨੋ ਦੇ ਵਿਭਾਗ ਦੇ ਸੰਚਾਰਾਂ ਤੋਂ ਪਤਾ ਲਗਦਾ ਹੈ ਕਿ ਸਟਾਫ ਨੇ 20 ਨਵੰਬਰ ਨੂੰ ਪ੍ਰਿਵੀ ਕੌਂਸਲ ਦਫ਼ਤਰ ਦੀ ਵੈੱਬਸਾਈਟ 'ਤੇ ਉਸੇ ਦਿਨ ਰਿਪੋਰਟ ਛਾਪ ਦਿੱਤੀ ਜਿਸ ਦਿਨ ਅਦਾਲਤ ਨੇ ਫ਼ੈਸਲਾ ਦਿੱਤਾ ਅਤੇ ਐਲਾਨ ਕੀਤਾ ਕਿ ਬਿੱਲ ਪਹਿਲਾਂ ਹੀ ਲਾਗੂ ਹੈ।




ਡੇਨਾਮਿਕ ਸਟਾਫਿੰਗ ਏਜੰਸੀ ਲਿਮਟਿਡ

ਗਰੀਨ ਹਾਊਸ ਵਰਕਰਾਂ ਦੀ ਲੋੜ



- ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
- ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।

ਅੱਜ ਹੀ ਸੰਪਰਕ ਕਰੋ:
604-593-4224, 604-727-2421

# ਮਾਰਕਸੀ ਚਿੰਤਕ ਤੇ ਸਾਹਿਤਕਾਰ ਸੂਫੀ ਅਮਰਜੀਤ ਦੇ ਸਦੀਵੀ ਵਿਛੋੜੇ ਉੱਪਰ ਦੁੱਖ ਦਾ ਪ੍ਰਗਟਾਵਾ

ਸਰੀ (ਹਰਦਮ ਮਾਨ)-ਕੈਨੇਡਾ ਵਸਦੇ ਮਾਰਕਸੀ ਚਿੰਤਕ, ਅਲੋਚਕ ਅਤੇ ਬਹੁਪੱਖੀ ਸਾਹਿਤਕਾਰ ਸੂਫੀ ਅਮਰਜੀਤ ਦੇ ਸਦੀਵੀ ਵਿਛੋੜੇ ਉੱਪਰ ਸਰੀ ਦੇ ਲੇਖਕਾਂ, ਵਿਦਵਾਨਾਂ ਨੇ ਗਹਿਰਾ ਦੁੱਖ ਪ੍ਰਗਟ ਕੀਤਾ ਹੈ। ਗੁਲਾਟੀ ਪਬਲਿਸ਼ਰਜ਼ ਲਿਮਟਿਡ ਸਰੀ ਦੇ ਬੁੱਕ ਸਟੋਰ 'ਤੇ ਇਕੱਤਰ ਹੋਏ ਲੇਖਕਾਂ ਨੇ ਵੈਨਕੂਵਰ ਵਿਚਾਰ ਮੰਚ ਦੀ ਅਗਵਾਈ ਵਿਚ ਇਕ ਸ਼ੋਕ ਮੀਟਿੰਗ ਕਰਕੇ ਮਰਹੂਮ ਸੂਫੀ ਅਮਰਜੀਤ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਮੰਚ ਦੇ ਆਗੂ ਅਤੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਸੂਫੀ ਅਮਰਜੀਤ ਨਾਲ ਆਪਣੀਆ ਯਾਦਾਂ ਸਾਂਝੀਆਂ ਕਰਦਿਆਂ ਦੱਸਿਆ ਕਿ ਉਹ ਲੇਖਕ ਮੰਚ ਵੈਨਕੂਵਰ ਦੇ ਮੋਢੀਆਂ ਵਿੱਚੋਂ ਇਕ ਸਨ। ਬਹੁਤ ਹੀ ਮਿਲਣਸਾਰ ਇਨਸਾਨ ਸੂਫੀ ਅਮਰਜੀਤ ਨੇ ਕਵਿਤਾ, ਨਾਵਲ, ਆਲੋਚਨਾ ਅਤੇ ਅਨੁਵਾਦ ਦੇ ਖੇਤਰ ਵਿਚ ਜ਼ਿਕਰਯੋਗ ਕਾਰਜ ਕੀਤਾ। ਉਨ੍ਹਾਂ ਹੋ ਚੀ ਮਿਨ ਦੀ ਜੀਵਨੀ, ਸ਼ਹੀਦ ਭਗਤ ਸਿੰਘ ਦੀ ਨਾਸਤਿਕਤਾ, ਪੰਜਾਬ ਸਮੱਸਿਆ ਇਕ ਵਿਸ਼ਲੇਸ਼ਣ, ਪੰਜਾਬੀਅਤ ਦੇ ਨਾਂ 'ਤੇ ਵੱਖਵਾਦ ਦੀ ਵਕਾਲਤ ਆਦਿ ਵਾਰਤਕ ਪੁਸਤਕਾਂ ਵੀ ਰਚੀਆਂ। ਸ਼ਾਇਰ ਮੋਹਨ ਗਿੱਲ ਨੇ ਕਿਹਾ ਕਿ ਸੂਫੀ ਅਮਰਜੀਤ ਵੱਡੇ ਪੰਜਾਬੀ ਲੇਖਕ ਸਨ ਜਿਨ੍ਹਾਂ ਨੇ ਦੋ ਕਾਵਿ ਸੰਗ੍ਰਹਿ 'ਹੋਂਦ ਕਥਾ' ਅਤੇ 'ਪਿਰਿਆ' ਅਤੇ ਇਕ ਨਾਵਲ 'ਸਿੰਮਲ ਰੁੱਖ ਸਰਾਇਰਾਂ' ਦੀ ਰਚਨਾ ਰਾਹੀਂ ਪੰਜਾਬੀ ਸਾਹਿਤ ਵਿਚ ਵੱਡਮੁੱਲਾ ਯੋਗਦਾਨ ਪਾਇਆ। ਜਰਨੈਲ ਸਿੰਘ ਆਰਟਿਸਟ ਅਤੇ ਸਤੀਸ਼ ਗੁਲਾਟੀ ਨੇ ਉਨ੍ਹਾਂ ਵੱਲੋਂ ਲਿਖੀ 'ਕਾਮਰੇਡ ਏ.ਕੇ. ਗੁਪਾਲਨ ਦੀ ਜੀਵਨੀ' ਪੁਸਤਕ ਦਾ ਜ਼ਿਕਰ ਕੀਤਾ ਅਤੇ ਉਨ੍ਹਾਂ ਦੀ ਸ਼ਖਸੀਅਤ ਬਾਰੇ ਗੱਲਬਾਤ ਕੀਤੀ। ਡਾ. ਪ੍ਰਿਥੀਪਾਲ ਸਿੰਘ ਸੋਹੀ, ਹਰਦਮ ਸਿੰਘ ਮਾਨ, ਨਰਿੰਦਰ ਸਿੰਘ ਸੱਭਰਵਾਲ, ਅੰਗਰੇਜ਼ ਬਰਾੜ ਅਤੇ ਕਮਾਰੇਡ ਨਵਰੂਪ ਸਿੰਘ ਨੇ ਮਰਹੂਮ ਸਾਹਿਤਕਾਰ ਦੇ ਸਾਹਿਤਕ ਕਾਰਜ ਨੂੰ ਸਲਾਮ ਕੀਤਾ।








## ਨਵੀਂ ਚੁਣੀ ਮੇਅਰ ਬਰੈਂਡਾ ਲੌਕ ਵਲੋਂ ਪੁਲਿਸ ਟਰਾਂਜ਼ੀਸ਼ਨ ਨੂੰ ਰੋਕਣ ਦਾ ਪ੍ਰਣ

ਸਫ਼ਾ 1 ਦੀ ਬਾਕੀ

ਐਸਪੀਐਸ ਦੇ ਚੀਫ ਕੰਸਟੇਬਲ ਨੋਰਮ ਲਿਪਿਨਸਕੀ ਨੇ ਕਿਹਾ ਕਿ ਉਹ ਸਰੀ ਦੀ ਨਵੀਂ ਮੇਅਰ ਤੇ ਕੌਂਸਲਰਾਂ ਨੂੰ ਵਧਾਈ ਦਿੰਦੇ ਹਨ। ਮੇਰਾ ਪੱਕਾ ਵਿਸ਼ਵਾਸ਼ ਹੈ ਕਿ ਕੌਂਸਲ ਮਿਉਂਸਪਲ ਉਨ੍ਹਾਂ ਲਾਭਾਂ ਨੂੰ ਧਿਆਨ ਵਿਚ ਰੱਖੇਗੀ ਜਿਹੜੇ ਮਿਉਂਸਪਲ ਪੁਲਿਸ ਨਾਲ ਸਰੀ ਵਿਚ ਆਉਣਗੇ ਅਤੇ ਸਰੀ ਪੁਲਿਸ ਸਰਵਿਸ ਨੂੰ ਹਕੀਕਤ ਵਿਚ ਬਦਲਣ ਲਈ ਕੀਤੇ ਮਹੱਤਵਪੂਰਣ ਵਿੱਤੀ ਅਤੇ ਮਨੁੱਖੀ ਨਿਵੇਸ਼ ਨੂੰ ਮਹਿਸੂਸ ਕਰੇਗੀ। ਸਰੀ ਪੁਲਿਸ ਬੋਰਡ ਦੇ ਐਗਜ਼ੀਕਿਊਟਿਵ ਡਾਇਰੈਕਟਰ ਮੇਲਿਸਾ ਗ੍ਰਾਨਮ ਨੇ ਕਿਹਾ ਕਿ ਉਹ ਸਰਕਾਰ ਦੇ ਤਿੰਨ ਪੱਧਰਾਂ ਦੇ ਨਿਰਦੇਸ਼ ਤਹਿਤ ਆਰਸੀਐਮਪੀ ਤੋਂ ਸਰੀ ਪੁਲਿਸ ਸਰਵਿਸ ਨੂੰ ਟਰਾਂਜ਼ੀਸ਼ਨ ਕਰਨ ਸਬੰਧੀ ਕੀਤੇ ਕਾਫੀ ਕੰਮ ਬਾਰੇ ਦੱਸਣ ਲਈ ਉਹ ਜਿੰਨਾ ਛੇਤੀ ਹੋ ਸਕੇ ਨਵੇਂ ਮੇਅਰ ਨਾਲ ਮੀਟਿੰਗ ਲਈ ਕਾਹਲੇ ਹਨ। ਗ੍ਰਾਨਮ ਨੇ ਕਿਹਾ ਕਿ ਬੋਰਡ ਨੂੰ ਵਿਸ਼ਵਾਸ਼ ਹੈ ਕਿ ਸਰੀ ਵਿਚ ਮਿਉਂਸਪਲ ਪੁਲਿਸ ਸਰਵਿਸ ਨੂੰ ਜ਼ਿੰਮੇਵਾਰੀ ਦੇਣ ਦਾ ਕਾਰਜ ਨਿਰਵਿਘਨ ਜਾਰੀ ਰਹੇਗਾ ਪਰ ਲੌਕੇ ਮੁੱਦੇ 'ਤੇ ਪਿੱਛੇ ਹਟਣ ਦਾ ਇਰਾਦਾ ਨਹੀਂ ਰੱਖਦੀ। ਲੌਕੇ ਦਾ ਕਹਿਣਾ ਕਿ ਸਾਨੂੰ ਪਤਾ ਹੈ ਕਿ ਖਰਚ ਬਹੁਤ ਜ਼ਿਆਦਾ ਹੈ। ਇਸ ਗੱਲ ਦੀ ਸੰਭਾਵਨਾ ਨਹੀਂ ਕਿ ਐਸਪੀਐਸ ਸਾਨੂੰ ਕੁਝ ਅਜਿਹਾ ਦੱਸ ਸਕੇਗੀ ਜਿਸ ਨਾਲ ਸਾਡਾ ਮਨ ਬਦਲ ਜਾਵੇ।







# ਬੈਂਕ ਆਫ ਕੈਨੇਡਾ ਦੇ ਗਵਰਨਰ ਮੈਕਲਮ ਵਿਆਜ ਦਰਾਂ ਵਧਾਉਣ 'ਤੇ ਬਜਿਦ

ਵਾਸ਼ਿੰਗਟਨ-ਬੈਂਕ ਆਫ ਕੈਨੇਡਾ ਦੇ ਗਵਰਨਰ ਟਿਫ ਮੈਕਲਮ ਨੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਦਾ ਵਿਆਜ ਦਰਾਂ ਵਿਚ ਵਾਧੇ ਬਾਰੇ ਮਨ ਨਹੀਂ ਬਦਲਿਆ, ਭਾਵੇਂ ਅਗਲੇ ਸਾਲ ਸੰਭਾਵਤ ਮੰਦੀ ਬਾਰੇ ਆਸਾਂ ਵਧ ਰਹੀਆਂ ਹਨ। ਵਾਸ਼ਿੰਗਟ ਤੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੈਕਲਮ ਨੇ ਕਿਹਾ ਕਿ ਹੁਣ ਵਿਆਜ ਦਰਾਂ ਨੂੰ ਲੈ ਕੇ ਲਚਕਦਾਰ ਹੋਣ ਦਾ ਸਮਾਂ ਨਹੀਂ। ਉਹ ਅੰਤਰਰਾਸ਼ਟਰੀ ਮੁਦਰਾ ਫੰਡ ਤੇ ਵਿਸ਼ਵ ਬੈਂਕ ਦੀਆਂ ਸਾਲਾਨਾ ਮੀਟਿੰਗਾਂ ਵਿਚ ਹਿੱਸਾ ਲੈਣ ਲਈ ਵਾਸ਼ਿੰਗਟਨ ਵਿਚ ਮੌਜੂਦ ਹਨ। ਉਨ੍ਹਾਂ ਮੁੜ ਦੁਹਰਾਇਆ ਕਿ ਸੈਂਟਰਲ ਬੈਂਕ ਦਾ ਮੌਜੂਦਾ ਸਮੇਂ ਉਦੇਸ਼ ਕੀਮਤਾਂ ਵਿਚ ਸਥਿਰਤਾ ਲਿਆਉਣ ਤੇ ਮਹਿੰਗਾਈ ਦੀ ਦਰ ਨੂੰ ਹੇਠ ਲਿਆਉਣਾ ਹੈ। ਮੈਕਲਮ ਨੇ ਕਿਹਾ ਕਿ ਸੈਂਟਰਲ ਬੈਂਕ ਇਹ ਗੱਲ ਨੇੜਿਓਂ ਹੋ ਕੇ ਦੇਖੇਗਾ ਕਿ ਅਮਰੀਕੀ ਕਲ੍ਹ ਜਾਰੀ ਕੀਤੇ ਮਹਿੰਗਾਈ ਅੰਕੜਿਆਂ ਪਿੱਛੋਂ ਅਮਰੀਕੀ ਆਰਥਿਕਤਾ ਕਿਵੇਂ ਵਿਕਾਸ ਕਰਦੀ ਹੈ। ਭੋਜਨ ਤੇ ਊਰਜਾ ਨੂੰ ਛੱਡ ਕੇ ਮੁੱਖ ਉਪਭੋਗਤਾ ਮੁੱਲ ਮਹਿੰਗਾਈ ਦੀ ਦਰ 40 ਸਾਲ ਦੇ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਈ ਹੈ। ਜੂਨ ਵਿਚ ਸਾਲਾਨਾ ਦਰ 8.1 ਫ਼ੀਸਦੀ 'ਤੇ ਪਹੁੰਚਣ ਪਿੱਛੋਂ ਕੈਨੇਡਾ ਵਿਚ ਗੈਸ ਦੀਆਂ ਕੀਮਤਾਂ ਘਟਣ ਕਾਰਨ ਕੀਮਤਾਂ ਵਧਣ ਦੀ ਰਫਤਾਰ ਹੌਲੀ ਹੋ ਗਈ ਹੈ। ਅਗਸਤ ਲਈ ਸਾਲਾਨਾ ਮਹਿੰਗਾਈ ਦਰ 7 ਫ਼ੀਸਦੀ ਸੀ ਪਰ ਕੈਨੇਡੀਅਨ ਗਰੌਸਰੀ ਸਟੋਰ ਵਿਖੇ ਅਜੇ ਵੀ ਤਕਲੀਫ ਮਹਿਸੂਸ ਕਰ ਰਹੇ ਹਨ ਕਿਉਂਕਿ ਖੁਰਾਕੀ ਵਸਤਾਂ ਦੀਆਂ ਕੀਮਤਾਂ ਇਕ ਸਾਲ ਪਹਿਲਾਂ ਦੇ ਮੁਕਾਬਲੇ ਅਗਸਤ ਵਿਚ 10.8 ਫ਼ੀਸਦੀ ਵਧ ਗਈਆਂ ਹਨ।

# ਵੋਟਾਂ ਵਿਚ ਜਿੰਨੀ ਸਿਮਸ ਬਣੀ ਵਿਦਿਆਰਥੀਆਂ ਦੀ ਪਹਿਲੀ ਪਸੰਦ



ਵਿਕਟੋਰੀਆ-ਬ੍ਰਿਟਿਸ਼ ਕੋਲੰਬੀਆ ਦੀਆਂ ਮਿਉਂਸਪਲਟੀਜ਼ ਨੇ ਸਿਵਿਕ ਚੋਣਾਂ ਵਿਚ ਆਪਣੇ ਚੁਣੇ ਹੋਏ ਮੇਅਰਾਂ, ਕੌਂਸਲਾਂ ਤੇ ਸਕੂਲ ਟਰੱਸਟੀਆਂ ਦਾ ਐਲਾਨ ਕਰ ਦਿੱਤਾ ਹੈ। ਵੋਟ ਪਾਉਣ ਦੀ ਉਮਰ ਤੋਂ ਘੱਟ ਉਮਰ ਦੇ ਵਿਦਿਆਰਥੀ ਅਣਅਧਿਕਾਰਤ ਤੌਰ 'ਤੇ ਆਪਣੀਆਂ ਵੋਟਾਂ ਪਾਉਣ ਦੇ ਯੋਗ ਹੁੰਦੇ ਹਨ ਤਾਂ ਜੋ ਉਨ੍ਹਾਂ ਦੀ ਰਾਇ ਸੁਣੀ ਜਾਵੇ। ਸਰੀ ਅਤੇ ਵਾਈਟ ਰੌਕ ਵਿਚ ਵਿਦਿਆਰਥੀਆਂ ਦੀਆਂ ਵੋਟਾਂ ਦੇ ਅਧਿਕਾਰਤ ਨਤੀਜੇ ਕਾਫੀ ਵੱਖਰੇ ਰਹੇ ਹਨ। ਸਟੂਡੈਂਟ ਵੋਟ ਇਕ ਪ੍ਰੋਗਰਾਮ ਹੁੰਦਾ ਹੈ ਜਿਸ ਦਾ ਉਦੇਸ਼ ਨੌਜਵਾਨ ਲੋਕਾਂ ਨੂੰ ਉਨ੍ਹਾਂ ਦੀਆਂ ਕਮਿਊਨਿਟੀਜ਼ ਵਿਚ ਰਾਜਨੀਤੀ ਅਤੇ ਲੋਕਤੰਤਰ ਬਾਰੇ ਜਾਣਕਾਰੀ ਦੇਣਾ ਹੁੰਦਾ ਹੈ ਤਾਂ ਜੋ ਉਹ ਵੋਟਿੰਗ ਪ੍ਰਕਿਰਿਆ ਦੇ ਅਨੁਭਵ ਦੀ ਸ਼ੁਰੂਆਤ ਕਰ ਸਕਣ। ਐਲੀਮੈਂਟਰੀ ਅਤੇ ਹਾਈ ਸਕੂਲਾਂ ਦੇ 60 ਹਜ਼ਾਰ ਤੋਂ ਵੀ ਵੱਧ ਵਿਦਿਆਰਥੀ ਆਪਣੀ ਵੋਟ ਪਾਉਣ ਅਤੇ ਇਸ ਸਾਲ ਕਲਾਸ ਵਿਚ ਮਿਉਂਸਪਲ ਚੋਣਾਂ ਬਾਰੇ ਸਿੱਖਣ ਲਈ ਯੋਗ ਸਨ। 15 ਅਕਤੂਬਰ ਦੀਆਂ ਚੋਣਾਂ ਵਿਚ ਯੋਗ ਵੋਟਰਾਂ ਨੇ ਸਮੁੱਚੇ ਸੂਬੇ ਵਿਚ ਆਪਣੇ ਮੇਅਰ, ਕੌਂਸਲਰਾਂ ਤੇ ਸਕੂਲ ਟਰੱਸਟੀਆਂ ਦੀ ਚੋਣ ਕੀਤੀ ਹੈ। ਸਰੀ ਕੁਨੈਕਟ ਦੀ ਬਰੈਂਡਾ ਲੋਕੇ ਨੇ ਮੇਅਰ ਡੱਗ ਮੈਕਲਮ ਨੂੰ 32338 ਵੋਟਾਂ ਦੇ ਮੁਕਾਬਲੇ 33311 ਵੋਟਾਂ ਨਾਲ ਹਰਾ ਦਿੱਤਾ। ਦੱਖਣ ਵੱਲ ਮੇਗਨ ਨਾਈਟ ਨੇ ਵਾਈਟ ਰੌਕ ਦੇ ਮੌਜੂਦਾ ਮੇਅਰ ਡੈਰਿਲ ਵਾਕਰ ਨੂੰ 1811 ਵੋਟਾਂ ਦੇ ਮੁਕਾਬਲੇ 2001 ਵੋਟਾਂ ਨਾਲ ਹਰਾ ਦਿੱਤਾ ਪਰ ਸਕੂਲ ਡਿਸਟ੍ਰਿਕਟ ਵਿਚ 47 ਸਕੂਲਾਂ ਦੇ ਵਿਦਿਆਰਥੀਆਂ ਨੇ ਸਰੀ ਫਾਰਵਾਰਡ ਦੀ ਜਿਨੀ ਸਿਮਸ ਨੂੰ 2024 ਵੋਟਾਂ ਪਾ ਕੇ ਭਾਰੀ ਸਮਰਥਨ ਦਿੱਤਾ ਹੈ ਅਤੇ ਸੇਫ ਸਰੀ ਕੁਲੀਸ਼ਨ ਦੇ ਮੈਕਲਮ 1787 ਵੋਟਾਂ ਨਾਲ ਦੂਸਰੇ ਸਥਾਨ 'ਤੇ ਰਹੇ। ਪਰ ਲਗਦਾ ਹੈ ਕਿ ਨਵੀਂ ਚੁਣੀ ਗਈ ਸਰੀ ਕੁਨੈਕਟ ਨਾਲ ਸਬੰਧਤ ਮੇਅਰ ਬਰੈਂਡਾ ਲੋਕੇ ਵਿਦਿਆਰਥੀਆਂ ਵਿਚ ਲੋਕਪ੍ਰਿਯ ਨਹੀਂ ਅਤੇ ਉਸ ਨੂੰ 1032 ਵੋਟਾਂ ਮਿਲੀਆਂ ਅਤੇ ਉਹ 8 ਉਮੀਦਵਾਰਾਂ ਵਿਚੋਂ ਪੰਜਵੇਂ ਸਥਾਨ 'ਤੇ ਰਹੀ ਜਦਕਿ ਸਰੀ ਫਸਟ ਦੇ ਗੋਰਡੀ ਹੋਗ 1337 ਅਤੇ ਯੂਨਾਈਟਡ ਸਰੀ ਦੇ ਸੁੱਖ ਧਾਲੀਵਾਲ 1231 ਵੋਟਾਂ ਨਾਲ ਕ੍ਰਮਵਾਰ ਤੀਜੇ ਤੇ ਚੌਥੇ ਸਥਾਨ 'ਤੇ ਰਹੇ। ਪੀਪਲਜ਼ ਕੌਂਸਲ ਦੇ ਉਮੀਦਵਾਰ ਅੰਮ੍ਰਿਤ ਵੜਿੰਗ 712 ਵੋਟਾਂ ਨਾਲ ਛੇਵੇਂ ਤੇ ਆਜ਼ਾਦ ਉਮੀਦਵਾਰ ਕੁਲਦੀਪ ਪੇਲੀਆ 236 ਵੋਟਾਂ ਨਾਲ ਸੱਤਵੇਂ ਤੇ ਜੌਹਨ ਵੋਲੰਸਕੀ 232 ਵੋਟਾਂ ਨਾਲ ਅੱਠਵੇਂ ਸਥਾਨ 'ਤੇ ਰਹੇ।

# ਸਰੀ ਕੌਂਸਲ ਪੇਸ਼ ਕਰ ਸਕਦੀ ਹੈ ਪੁਲਿਸ ਲਈ ਅਨਟਰਾਂਜ਼ੀਸ਼ਨ ਯੋਜਨਾ-ਫਾਰਨਵਰਥ

ਸਰੀ-ਜੇਕਰ ਤੁਸੀਂ ਸੋਚਦੇ ਹੋ ਕਿ ਸਨਿਚਰਵਾਰ ਦੇ ਚੋਣ ਨਤੀਜਿਆਂ ਨਾਲ ਸ਼ਹਿਰ ਦੀ ਆਰ ਸੀ ਐਮ ਪੀ ਤੋਂ ਸਰੀ ਪੁਲਿਸ ਸਰਵਿਸ ਨੂੰ ਪੁਲਿਸ ਟਰਾਂਜ਼ੀਸ਼ਨ ਸਬੰਧੀ ਚਾਰ ਸਾਲਾਂ ਦਾ ਸੰਘਰਸ਼ ਅੰਤ ਵਿਚ ਖਤਮ ਹੋ ਜਾਵੇਗਾ ਤਾਂ ਦੁਬਾਰਾ ਸੋਚਣਾ ਪਵੇਗਾ। ਅਜੇ ਕਈ ਪੰਨੇ ਪਲਟਣੇ ਪੈਣੇ ਹਨ ਅਤੇ ਅੰਤਿਮ ਅਧਿਆਏ ਅਜੇ ਲਿਖਿਆ ਜਾਣਾ ਹੈ। ਸਰੀ ਕੁਨੈਕਟ ਦੀ ਮੇਅਰ ਚੁਣੀ ਗਈ ਉਮੀਦਵਾਰ ਬਰੈਂਡਾ ਲੌਕ ਨੇ ਵਿਵਾਦਪੂਰਣ ਟਰਾਂਜ਼ੀਸ਼ਨ ਨੂੰ ਉਲਟਾ ਗੇੜ ਦੇਣ ਦੀ ਮੁਹਿੰਮ ਵਿੱਢੀ ਹੋਈ ਹੈ। ਲੌਕ ਨੇ ਕਿਹਾ ਹੈ ਕਿ ਉਹ ਅਸਲ ਵਿਚ ਜ਼ਮੀਨ 'ਤੇ ਦੌੜ ਰਹੀ ਹਾਂ, ਕਰਨ ਲਈ ਬਹੁਤ ਕੁਝ ਹੈ। ਨਿਸ਼ਚਤ ਰੂਪ ਵਿਚ ਇਹ ਟਰਾਂਜ਼ੀਸਨ ਨੂੰ ਹੁਣੇ ਹੀ ਰੋਕਣਾ ਹੈ, ਸਾਨੂੰ ਇਹ ਕੰਮ ਕਰਨਾ ਪਵੇਗਾ, ਉਨ੍ਹਾਂ ਦਾ ਖਰਚ ਰੋਕਣਾ ਪਵੇਗਾ। ਸਾਨੂੰ ਇਸ ਨੂੰ ਕੰਟਰੋਲ ਹੇਠ ਲਿਆਉਣ ਦੀ ਲੋੜ ਹੈ। ਲੋਕਾਂ ਨੇ ਆਪਣੀ ਗੱਲ ਕਹੀ ਹੈ, ਇਹ 8 ਵਿਅਕਤੀਆਂ (ਸਰੀ ਪੁਲਿਸ ਬੋਰਡ) 'ਤੇ ਨਿਰਭਰ ਨਹੀਂ ਜਿਨ੍ਹਾਂ ਨੂੰ ਚੋਣਾਂ ਪਿੱਛੋਂ ਵਾਸੀਆਂ ਨੂੰ ਹੁਕਮ ਦੇਣ ਲਈ ਸੂਬਾਈ ਤੌਰ 'ਤੇ ਨਿਯੁਕਤ ਕੀਤਾ ਗਿਆ ਸੀ। ਪ੍ਰੋਵਿੰਸ਼ੀਅਲ ਸਾਲਿਸਟਰ ਜਨਰਲ ਤੇ ਐਨਡੀਪੀ ਐਮਐਲਏ ਮਾਈਕ ਫਾਰਨਵਰਥ ਨੇ ਵਾਰ ਵਾਰ ਕਿਹਾ ਕਿ ਟਰਾਂਜ਼ੀਸ਼ਨ ਬਾਰੇ ਯੋਜਨਾ ਸਰੀ ਕੌਂਸਲ ਨੇ ਬਣਾਉਣੀ ਹੈ ਇਸ ਬਾਰੇ ਪੁਲਿਸ ਐਕਟ ਵਿਚ ਨਿਯਮ ਦਰਜ ਹਨ। ਫਾਰਨਵਰਥ ਨੇ ਮੀਡੀਆ ਨੂੰ ਦੱਸਿਆ ਕਿ ਕੌਂਸਲ ਨੇ ਫ਼ੈਸਲਾ ਕਰਨਾ ਹੈ ਕਿ ਉਹ ਕਿਸ ਤਰ੍ਹਾਂ ਦਾ ਮਾਡਲ ਚਾਹੁੰਦੇ ਹਨ। ਉਨ੍ਹਾਂ ਵਿਕਟੋਰੀਆ ਵਿਚ ਇਕ ਪ੍ਰੈਸ ਵਾਰਤਾ ਵਿਚ ਦੱਸਿਆ ਕਿ ਸਰੀ ਕੋਲ ਆਪਣੀ ਚੋਣ ਦੀ ਸਮਰੱਥਾ ਹੈ ਪਰ ਇਹ ਲਾਈਟ ਸਵਿੱਚ ਨੂੰ ਚਾਲੂ ਕਰਨ ਤੇ ਬੰਦ ਕਰਨ ਵਰਗੀ ਗੱਲ ਨਹੀਂ ਅਤੇ ਸਰੀ ਨੂੰ ਇਕ ਅਨਟਰਾਂਜ਼ੀਸ਼ਨਿੰਗ ਯੋਜਨਾ ਪੇਸ਼ ਕਰਨੀ ਪਵੇਗੀ। ਲੋਕੇ ਨੇ ਕਿਹਾ ਕਿ ਉਹ ਡੇਵਿਡ ਈਬੀ ਜਿਹੜਾ ਬੀਸੀ ਐਨਡੀਪੀ ਲੀਡਰਸ਼ਿਪ ਚਲਾ ਰਿਹਾ ਹੈ ਤੇ ਫਾਰਨਵਰਥ ਨਾਲ ਮੀਟਿੰਗ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਧਰ ਸਰੀ ਫਸਟ ਦੀ ਫਿਰ ਤੋਂ ਚੁਣੀ ਗਈ ਕੌਂਸਲਰ ਲਿੰਡਾ ਐਨਿਸ ਨਹੀਂ ਸੋਚਦੀ ਕਿ ਸ਼ਹਿਰ ਇਸ ਸਮੇਂ ਟਰਾਂਜ਼ੀਸ਼ਨ ਨੂੰ ਵਾਪਸ ਮੋੜਨ ਦੀ ਸਥਿਤੀ ਵਿਚ ਹੈ। ਮੇਰਾ ਖਿਆਲ ਹੈ ਕਿ ਸਾਨੂੰ ਪਹਿਲਾਂ ਤੱਥਾਂ ਨੂੰ ਪ੍ਰਾਪਤ ਕਰਨ ਦੀ ਲੋੜ ਹੈ। ਲਿੰਡਾ ਐਨਿਸ ਨੇ ਕਿਹਾ ਕਿ ਮੈਨੂੰ ਅਤੇ ਨਾ ਹੀ ਬਰੈਂਡਾ ਜਾਂ ਕੌਂਸਲ ਵਿਚ ਕਿਸੇ ਹੋਰ ਨੂੰ ਜਾਂ ਸਰੀ ਦੇ ਕਿਸੇ ਵਾਸੀ ਨੂੰ ਇਸ ਗੱਲ ਦਾ ਪਤਾ ਹੈ ਕਿ ਸਾਡੀ ਟਰਾਂਜ਼ੀਸ਼ਨ ਦੀ ਸਥਿਤੀ ਕੀ ਹੈ, ਕਿੰਨਾ ਪੈਸਾ ਖਰਚ ਹੋ ਚੁੱਕਾ ਹੈ ਅਤੇ ਇਸ ਨੂੰ ਵਾਪਸ ਲੈਣ ਨਾਲ ਕਿੰਨਾ ਖਰਚ ਆਵੇਗਾ। ਮੇਰਾ ਖਿਆਲ ਹੈ ਕਿ ਸਾਨੂੰ ਕੋਈ ਫ਼ੈਸਲਾ ਲੈਣ ਤੋਂ ਪਹਿਲਾਂ ਇਹ ਸਾਰੇ ਤੱਥ ਹਾਸਲ ਕਰਨ ਦੀ ਲੋੜ ਹੈ ਕਿਉਂਕਿ ਇਹ ਬਹੁਤ ਵੱਡਾ ਫ਼ੈਸਲਾ ਹੈ। ਇਸੇ ਦੌਰਾਨ ਸਰੀ ਆਰਸੀਐਮਪੀ ਦੇ ਇੰਚਾਰਜ ਸਹਾਇਕ ਕਮਿਸ਼ਨਰ ਬਰਾਇਨ ਐਡਵਾਰਡਸ ਨੇ ਚੋਣਾਂ ਪਿੱਛੋਂ ਇਕ ਬਿਆਨ ਵਿਚ ਕਿਹਾ ਕਿ ਆਰਸੀਐਮਪੀ ਨਵੇਂ ਚੁਣੇ ਮੇਅਰ ਤੇ ਕੌਂਸਲ ਨਾਲ ਕੰਮ ਕਰਨ ਲਈ ਉਤਸਕ ਹੈ। ਉਧਰ ਸਰੀ ਪੁਲਿਸ ਸਰਵਿਸ ਦੇ ਇੰਚਾਰਜ ਚੀਫ ਕੰਸਟੇਬਲ ਨੌਰਮ ਲਿਪਿਨਸਕੀ ਨੇ ਕਿਹਾ ਕਿ ਇਸ ਪੜਾਅ 'ਤੇ ਪੁਲਿਸ ਟਰਾਂਜ਼ੀਸ਼ਨ ਨੂੰ ਰੋਕਣਾ ਟਰਾਂਸ ਕੈਨੇਡਾ ਹਾਈਵੇਅ 'ਤੇ ਪੂਰੀ ਰਫਤਾਰ ਨਾਲ ਭੱਜ ਰਹੀ ਕਾਰ ਨੂੰ ਐਮਰਜੈਂਸੀ ਬਰੇਕ ਲਾਉਣ ਦੀ ਕਲਪਣਾ ਹੈ। ਉਨ੍ਹਾਂ ਕਿਹਾ ਕਿ ਉਹ ਸਰਕਾਰ ਨਾਲ ਗੱਲ ਨਹੀਂ ਕਰ ਸਕਦਾ ਪਰ ਸੂਬਾ ਹਰੇਕ ਨਵੇਂ ਮੇਅਰ ਤੇ ਕੌਂਸਲ ਦੀ ਚੋਣ ਨਾਲ ਪੁਲਿਸ ਏਜੰਸੀਆਂ ਨੂੰ ਕਿਉਂ ਬਦਲੇ?

# ਸੀਨੀਅਰ ਕਾਂਗਰਸੀ ਆਗੂ ਖੜਗੇ ਕਾਂਗਰਸ ਦੇ ਪ੍ਰਧਾਨ ਚੁਣੇ ਗਏ

ਸਫ਼ਾ 3 ਦੀ ਬਾਕੀ


ਉਹ (ਟੀਮ ਵੱਲੋਂ ਲਿਖੇ) ਪੱਤਰਾਂ ਦਾ ਨੁਕਤਾ ਦਰ ਨੁਕਤਾ ਜਵਾਬ ਦੇਣਗੇ। ਉਂਜ ਮਿਸਤਰੀ ਨੇ ਕਿਹਾ ਕਿ ਇਹ ਪੱਤਰ ਪ੍ਰੈੱਸ ਨੂੰ ਲੀਕ ਕਰਨ ਦੀ ਥਾਂ, ਥਰੂਰ ਟੀਮ ਨੂੰ ਪੋਲ ਅਥਾਰਿਟੀ ਨਾਲ ਸਿੱਧਾ ਰਾਬਤਾ ਕਰਨਾ ਚਾਹੀਦਾ ਸੀ। ਮਿਸਤਰੀ ਨੇ ਕਿਹਾ ਕਿ ਪੱਤਰ ਵਿਚਲੇ ਵਿਸ਼ਾ-ਵਸਤੂ ਦਾ ਕੋਈ ਆਧਾਰ ਨਹੀਂ ਹੈ ਤੇ ਸ਼ਿਕਾਇਤ ਵਿੱਚ ਕੁਝ ਖਾਸ ਨਹੀਂ ਹੈ। ਇਸ ਦੌਰਾਨ ਕਾਂਗਰਸ ਹੈੱਡਕੁਆਰਟਰ ਦੇ ਬਾਹਰ ਤਿਓਹਾਰ ਵਰਗਾ ਮਾਹੌਲ ਸੀ। ਪਾਰਟੀ ਵਰਕਰਾਂ ਨੇ ਹੱਥਾਂ ਵਿੱਚ ਰਾਹੁਲ ਗਾਂਧੀ ਦੀਆਂ ਤਸਵੀਰਾਂ ਤੇ ਝੰਡੇ ਫੜ ਕੇ ਢੋਲ ਵਜਾਏ। ਖੜਗੇ, ਜਿਨ੍ਹਾਂ ਨੂੰ 50 ਸਾਲਾਂ ਦਾ ਸਿਆਸੀ ਤਜਰਬਾ ਹੈ, ਐੱਸ. ਨਿਜਾਲਿੰਗੱਪਾ ਮਗਰੋਂ ਕਰਨਾਟਕ ਤੋਂ ਦੂਜੇ ਏਆਈਸੀਸੀ ਪ੍ਰਧਾਨ ਹਨ। ਜਗਜੀਵਨ ਰਾਮ ਤੋਂ ਬਾਅਦ ਉਹ ਦੂਜੇ ਦਲਿਤ ਆਗੂ ਹਨ, ਜੋ ਕਾਂਗਰਸ ਪ੍ਰਧਾਨ ਬਣੇ ਹਨ। ਖੜਗੇ 1969 ਵਿੱਚ ਕਾਂਗਰਸ 'ਚ ਸ਼ਾਮਲ ਹੋਏ ਸਨ ਤੇ ਮਗਰੋਂ ਉਹ ਗੁਲਬਰਗਾ ਸਿਟੀ ਕਾਂਗਰਸ ਕਮੇਟੀ ਦੇ ਪ੍ਰਧਾਨ ਵੀ ਬਣੇ। ਖੜਗੇ ਲਗਾਤਾਰ 9 ਵਾਰ ਵਿਧਾਇਕ ਵੀ ਚੁਣੇ ਗਏ। ਉਹ ਦੋ ਵਾਰ ਲੋਕ ਸਭਾ ਮੈਂਬਰ ਤੇ ਇਕ ਵਾਰ ਰਾਜ ਸਭਾ ਮੈਂਬਰ ਵੀ ਰਹੇ। ਪ੍ਰਧਾਨਗੀ ਦੀ ਚੋਣ ਲੜਨ ਲਈ ਉਨ੍ਹਾਂ ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਵਜੋਂ ਅਸਤੀਫ਼ਾ ਦਿੱਤਾ ਸੀ।


ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੇਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)

ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.



India Bookworld
Shop Online At:
www.indiabookworld.ca
ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।



604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca



idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ


• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪ੍ਰੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

# ਸਰੀ 'ਚ ਮਾਸਟਰ ਕਰਤਾਰ ਸਿੰਘ 'ਰੋਡੇ' ਦਾ ਪਲੇਠਾ ਕਾਵਿ-ਸੰਗ੍ਰਹਿ 'ਏਕਾ ਦੂਆ' ਲੋਕ ਅਰਪਣ




ਸਰੀ (ਹਰਦਮ ਮਾਨ)- ਪ੍ਰੋਗਰੈਸਿਵ ਆਰਟ ਸੈਂਟਰ ਸਰੀ ਵਿਖੇ ਮਾਸਟਰ ਕਰਤਾਰ ਸਿੰਘ 'ਰੋਡੇ' ਦਾ ਪਲੇਠਾ ਕਾਵਿ-ਸੰਗ੍ਰਹਿ 'ਏਕਾ ਦੂਆ' ਲੋਕ ਅਰਪਣ ਕਰਨ ਲਈ ਉਨ੍ਹਾਂ ਦੇ ਪਰਿਵਾਰ ਵੱਲੋਂ ਚਾਅ ਅਤੇ ਹੁਲਾਸ ਨਾਲ਼ ਇਕ ਸਾਹਿਤਕ ਪ੍ਰੋਗਰਾਮ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਨਾਮਵਰ ਵਿਦਵਾਨ ਡਾ. ਸਾਧੂ ਸਿੰਘ, ਪ੍ਰਸਿੱਧ ਸ਼ਾਇਰ ਅਜਮੇਰ ਰੋਡੇ ਅਤੇ ਮਾਸਟਰ ਕਰਤਾਰ ਸਿੰਘ 'ਰੋਡੇ' ਨੇ ਕੀਤੀ। ਮੰਚ ਸੰਚਾਲਕ ਹਰਿੰਦਰ ਕੌਰ ਸੋਹੀ ਨੇ ਪੁਸਤਕ ਦੀ ਜਾਣ ਪਛਾਣ ਕਰਵਾਉਂਦਿਆਂ ਕਿਹਾ ਕਿ ਪਿੰਡ 'ਰੋਡੇ' ਤੋਂ ਲੈ ਕੇ 'ਕੈਨੇਡਾ' ਤੱਕ ਦੇ ਅਨੁਭਵ ਵਾਲੀ ਇਹ ਕਵਿਤਾ ਵੱਖ-ਵੱਖ ਵਿਸ਼ਿਆਂ ਨੂੰ ਆਪਣੇ ਕਲਾਵੇ ਵਿੱਚ ਲੈਂਦੀ ਹੈ। ਪ੍ਰੋ. ਹਰਿੰਦਰਜੀਤ ਸਿੰਘ ਸੰਧੂ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਆਪਣੇ ਪਿਤਾ (ਕਰਤਾਰ ਸਿੰਘ ਰੋਡੇ) ਦੀ ਪੁਸਤਕ ਵਿੱਚੋਂ 'ਸੱਚੋ-ਸੱਚ' ਕਵਿਤਾ ਸਰੋਤਿਆਂ ਨਾਲ਼ ਸਾਂਝੀ ਕੀਤੀ। ਮੇਜਰ ਸਿੰਘ ਰੰਧਾਵਾ (ਡਾ.) ਨੇ ਪੁਸਤਕ ਬਾਰੇ ਵਿਚਾਰ ਪੇਸ਼ ਕੀਤੇ। ਲਾਜ ਨੀਲਮ ਸੈਣੀ ਨੇ ਕਿਹਾ ਕਿ ਮਾਸਟਰ ਜੀ ਨੇ ਜ਼ਿੰਦਗੀ ਦੀਆਂ ਨੱਬੇ ਬਹਾਰਾਂ ਮਾਣ ਕੇ ਇਹ ਪੁਸਤਕ ਪ੍ਰਕਾਸ਼ਿਤ ਕਰਵਾਈ ਹੈ। ਇਸ ਮੌਕੇ ਸਤਵੰਤ ਸਿੰਘ ਦੀਪਕ ਨੇ ਕਿਹਾ ਕਿ 'ਏਕਾ ਦੂਆ' ਪੁਸਤਕ ਜ਼ਿੰਦਗੀ ਦਾ ਸੱਚ ਹੈ ਅਤੇ ਮੇਰੇ ਅਧਿਆਪਕ ਦੀ ਇਹ ਪੁਸਤਕ 'ਗਾਗਰ ਵਿੱਚ ਸਾਗਰ' ਭਰਨ ਦੇ ਸਾਮਾਨ ਹੈ। ਡਾ. ਪ੍ਰਿਥੀਪਾਲ ਸਿੰਘ ਸੋਹੀ ਨੇ ਪੁਸਤਕ ਦੀ ਭਰਵੀਂ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਮਾਸਟਰ ਜੀ ਨੇ ਨੱਬੇ ਸਾਲ ਦਾ ਲੰਮਾ ਪੈਂਡਾ ਤੈਅ ਕਰਦੇ ਹੋਏ ਅੰਗਰੇਜ਼ਾਂ ਦਾ ਸਮਾਂ ਵੀ ਦੇਖਿਆ ਅਤੇ ਖਾੜਕੂ ਲਹਿਰ ਨੂੰ ਵੀ ਹੰਢਾਇਆ। ਇਸ ਮੌਕੇ ਅਜਮੇਰ ਰੋਡੇ, ਡਾ. ਸਾਧੂ ਸਿੰਘ, ਨਾਵਲਕਾਰ ਜਰਨੈਲ ਸਿੰਘ ਸੇਖਾ ਪ੍ਰਿਤਪਾਲ ਗਿੱਲ, ਅੰਗਰੇਜ਼ ਬਰਾੜ, ਦਰਸ਼ਨ ਸੰਘਾ ਅਤੇ ਜਿਨੀ ਸਿਮਜ਼ ਨੇ ਵੀ ਪੁਸਤਕ ਵਿਚਾਰ ਚਰਚਾ ਵਿੱਚ ਹਿੱਸਾ ਲਿਆ। ਮਾਸਟਰ ਕਰਤਾਰ ਸਿੰਘ 'ਰੋਡੇ' ਨੇ ਆਪਣੇ ਜੀਵਨ ਅਤੇ ਸਾਹਿਤਕ ਸਫ਼ਰ ਦੀ ਗੱਲ ਕਰਦੇ ਹੋਏ ਆਪਣੇ ਫਰੀਡਮ ਫਾਈਟਰ ਸਵ. ਚਾਚਾ ਭਾਨ ਸਿੰਘ ਨੂੰ ਯਾਦ ਕੀਤਾ। ਉਪਰੰਤ ਨਾਮੀ ਸਾਹਿਤਕਾਰਾਂ ਅਤੇ ਬੁੱਧੀਜੀਵੀਆਂ ਦੇ ਭਰਵੇਂ ਇਕੱਠ ਵਿੱਚ ਪੁਸਤਕ ਲੋਕ ਅਰਪਣ ਕੀਤੀ ਗਈ। ਸਮਾਗਮ ਦੇ ਅੰਤ ਵਿੱਚ ਮਾਸਟਰ ਕਰਤਾਰ ਸਿੰਘ ਰੋਡੇ ਦੇ ਪੋਤਰੇ ਹਰਮਨ ਸਿੰਘ ਸੰਧੂ ਨੇ ਹਾਜ਼ਰ ਪਤਵੰਤਿਆਂ ਦਾ ਧੰਨਵਾਦ ਕੀਤਾ। ਪੋਤਰੀ ਸ਼ੈਰੀ ਸੰਧੂ ਨੇ ਇਸ ਪੁਸਤਕ ਨੂੰ ਪਰਿਵਾਰ ਲਈ ਇੱਕ ਤਿਜੌਰੀ ਅਤੇ ਆਉਣ ਵਾਲੀ ਪੀੜ੍ਹੀ ਲਈ ਅਨਮੋਲ ਤੋਹਫ਼ਾ ਦੱਸਿਆ। ਇਸ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਲਈ ਸੁਖਵਿੰਦਰ ਕੌਰ ਸੰਧੂ (ਨੂੰਹ), ਸਪਨਾ, ਭੁਪਿੰਦਰ ਸਿੰਘ ਬਰਾੜ, ਗੁਰਤੇਜ ਗਿੱਲ ਅਤੇ ਸੁਖਵੀਰ ਕੌਰ ਗਿੱਲ ਨੇ ਪ੍ਰਬੰਧਕੀ ਕਾਰਜਾਂ ਵਿੱਚ ਸਹਿਯੋਗ ਦਿੱਤਾ। ਹੋਰਨਾਂ ਤੋਂ ਇਲਾਵਾ ਗੁਰਦੀਪ ਭੁੱਲਰ, ਪ੍ਰਸਿੱਧ ਲੇਖਕ ਅਤੇ ਫਰੀਡਮ ਫਾਈਟਰ ਅਜੀਤ ਸੈਣੀ ਦੀ ਧੀ ਨਰਿੰਦਰ ਸੈਣੀ ਤੇ ਜਵਾਈ ਯੋਗੀ ਸੈਣੀ, ਮੋਹਨ ਗਿੱਲ, ਸ਼ਰਨਜੀਤ ਕੌਰ ਸੰਧੂ, ਰਾਜ ਬਰਾੜ, ਪਰਮਿੰਦਰ ਕੌਰ ਸਵੈਚ, ਸਤੀਸ਼ ਗੁਲਾਟੀ (ਚੇਤਨਾ ਪ੍ਰਕਾਸ਼ਨ) ਅਤੇ ਅਮਰੀਕਾ ਤੋਂ ਪ੍ਰੋ. ਸੁਖਦੇਵ ਸਿੰਘ ਅਤੇ ਬਲਜਿੰਦਰ ਸਿੰਘ ਉਚੇਚੇ ਤੌਰ 'ਤੇ ਸ਼ਾਮਲ ਹੋਏ।

## ਉੱਚੀਆਂ ਕੀਮਤਾਂ ਕਾਰਨ ਬੀਸੀ ਫੇਰੀਜ਼ ਨੇ ਈਂਧਨ ਸਰਚਾਰਜ ਵਧਾਇਆ

ਵਿਕਟੋਰੀਆ-ਬੀਸੀ ਦੀ ਫੇਰੀਜ਼ ਸਰਵਿਸ ਨੇ ਉੱਚ ਕੀਮਤਾਂ ਕਾਰਨ ਈਂਧਨ ਸਰਚਾਰਜ ਵਧਾ ਦਿੱਤਾ ਹੈ। ਹੁਣ ਮੈਟਰੋ ਵੈਨਕੂਵਰ ਤੇ ਵੈਨਕੂਵਰ ਆਈਲੈਂਡ ਵਿਚਕਾਰ ਰੂਟਸ 'ਤੇ ਬਾਲਗ ਦੇ ਕਿਰਾਏ ਵਿਚ 70 ਸੈਂਟ ਅਤੇ ਮੋਟਰ ਗੱਡੀ ਤੇ ਡਰਾਈਵਰ ਦੇ ਕਿਰਾਏ ਵਿਚ 3.15 ਡਾਲਰ ਸ਼ਾਮਿਲ ਹੋਣਗੇ। ਇਹ ਵਾਧਾ ਔਸਤ 40 ਸੈਂਟ ਪ੍ਰਤੀ ਬਾਲਗ ਤੇ 1.70 ਡਾਲਰ ਮੋਟਰ ਗੱਡੀ ਤੇ ਡਰਾਈਵਰ ਹੋਵੇਗਾ। ਬੀਸੀ ਫੇਰੀਜ਼ ਤੇਲ ਦੀਆਂ ਕੀਮਤਾਂ ਵਿਚ ਅਸਥਿਰਤਾ ਨੂੰ ਸੰਭਾਲਣ ਲਈ ਕਦੇ ਕਿਰਾਇਆ ਘਟਾ ਦਿੰਦੀ ਹੈ ਤੇ ਕਦੇ ਵਧਾ ਦਿੰਦੀ ਹੈ। ਜਦੋਂ ਕੀਮਤਾਂ ਘਟਦੀਆਂ ਹਨ ਤਾਂ ਫੇਰੀ ਸਰਵਿਸ ਛੋਟ ਦੀ ਪੇਸ਼ਕਸ਼ ਕਰਦੀ ਹੈ। ਉੱਚੀਆਂ ਕੀਮਤਾਂ ਦੌਰਾਨ ਸਰਚਾਰਜ ਲਾਗੂ ਕੀਤਾ ਜਾਂਦਾ ਹੈ।

## ਕੈਨ ਸਿਮ ਵੈਨਕੂਵਰ ਸ਼ਹਿਰ ਦਾ ਪਹਿਲਾ ਚੀਨੀ ਕੈਨੇਡੀਅਨ ਮੇਅਰ ਬਣਿਆ

ਵੈਨਕੂਵਰ-ਸਨਿਚਰਵਾਰ ਬ੍ਰਿਟਿਸ਼ ਕੋਲੰਬੀਆ ਦੀਆਂ ਮਿਉਂਸਪਲ ਚੋਣਾਂ ਵਿਚ ਬਦਲਾਅ ਦੀ ਲਹਿਰ ਦੇਖਣ ਨੂੰ ਮਿਲੀ ਹੈ। ਵੈਨਕੂਵਰ ਜਿਥੇ ਕੇਨ ਸਿਮ ਦੀ ਅਗਵਾਈ ਵਿਚ ਨਵੀਂ ਬਣੀ ਏਬੀਸੀ ਪਾਰਟੀ ਨੇ ਮੇਅਰ ਤੇ ਕੌਂਸਲ ਦੀਆਂ 10 ਸੀਟਾਂ ਵਿਚੋਂ 7 ਅਤੇ ਪਾਰਕ ਬੋਰਡ ਤੇ ਸਕੂਲ ਬੋਰਡ ਵਿਚ ਬਹੁਮਤ ਹਾਸਲ ਕੀਤਾ ਤੋਂ ਬਿਨ੍ਹਾਂ ਇਹ ਬਦਲਾਅ ਹੋਰ ਥਾਈ ਬਹੁਤਾ ਨਹੀਂ। ਕੈਨੇਡਾ ਦੇ ਤੀਸਰੇ ਸਭ ਤੋਂ ਵੱਡੇ ਸ਼ਹਿਰ ਵੈਨਕੂਵਰ ਦਾ ਸਿਮ ਪਹਿਲਾ ਚੀਨੀ-ਕੈਨੇਡੀਅਨ ਮੇਅਰ ਚੁਣਿਆ ਗਿਆ ਹੈ। ਆਮ ਵਿਅਕਤੀ ਸੋਚਦਾ ਹੈ ਕਿ ਉਸ ਦੀ ਜਿੱਤ ਦੀ ਤਰੱਕੀ ਤੇ ਨਸਲੀ ਬਰਾਬਰੀ ਦੀ ਜਿੱਤ ਵਜੋਂ ਵਿਸ਼ਵ ਪੱਧਰ 'ਤੇ ਸ਼ਲਾਘਾ ਕੀਤੀ ਜਾਵੇਗੀ ਪਰ ਬਦਕਿਸਮਤੀ ਨਾਲ ਅਜਿਹਾ ਨਹੀਂ ਹੋਇਆ। ਸਿਮ ਦੀ ਜਿੱਤ ਦੀ ਇਤਿਹਾਸਕ ਪ੍ਰਕਿਰਤੀ ਨੂੰ ਸਵੀਕਾਰ ਕਰਨ ਦੀ ਬਜਾਏ ਅਹੁਦੇ ਤੋਂ ਹਟ ਰਹੇ ਮੇਅਰ ਕੈਨੇਡੀ ਸਟੇਵਾਰਟ ਨੇ ਇਕ ਕਨਸੈਸ਼ਨ ਭਾਸ਼ਣ ਦਿੱਤਾ ਜਿਸ ਵਿਚ ਗੈਰ ਮੌਜੂਦ ਜਾਂ ਸ਼ੱਕੀ ਪ੍ਰਾਪਤੀਆਂ ਦੀ ਸੂਚੀ ਸ਼ਾਮਿਲ ਸੀ ਅਤੇ ਸਵਾਲਾਂ ਦਾ ਜਵਾਬ ਦਿੱਤੇ ਬਿਨ੍ਹਾਂ ਹੀ ਉਹ ਮੀਡੀਆ ਕੋਲੋਂ ਤੁਰਦਾ ਬਣਿਆਂ। ਆਮ ਟਵਿੱਟਰੀ ਜਿਹੜੇ ਹਰੇਕ ਜਾਗਰੂਕਤਾ ਫੈਲਾਉਣ ਵਾਲੀ ਘਟਨਾ ਤੇ ਪ੍ਰਾਪਤੀਆਂ 'ਤੇ ਖ਼ੁਸ਼ੀ ਜ਼ਾਹਿਰ ਕਰਦੇ ਹਨ ਸਿਮ ਦੀ ਜਿੱਤ ਬਾਰੇ ਹੈਰਾਨੀਜਨਕ ਤਰੀਕੇ ਨਾਲ ਚੁੱਪ ਹਨ ਅਤੇ ਲਗਦਾ ਹੈ ਕਿ ਉਹ ਪ੍ਰਭਾਵਤ ਨਹੀਂ ਹੋਏ। ਸਿਮ 'ਤੇ ਕਈ ਊਣਤਾਈਆਂ ਦਾ ਦੋਸ਼ ਲਗਾਇਆ ਗਿਆ ਜਿਹੜੀਆਂ ਮਾਮੂਲੀ ਤੋਂ ਲੈ ਕੇ ਹਾਸੋਹੀਣੀਆਂ ਤਕ ਹਨ।

## ਅਨਿਸ਼ਚਤ ਆਰਥਿਕ ਹਾਲਤਾਂ ਦੇ ਬਾਵਜੂਦ ਕੈਨੇਡਾ ਦੀ ਲੇਬਰ ਮਾਰਕੀਟ ਵਿਚ ਮੰਗ ਬਰਕਰਾਰ

ਓਟਵਾ-ਭਵਿੱਖ ਵਿਚ ਅਨਿਸ਼ਚਤ ਆਰਥਿਕ ਸਥਿਤੀਆਂ ਦੇ ਬਾਵਜੂਦ ਦੀ ਕੈਨੇਡਾ ਦੀ ਲੇਬਰ ਮਾਰਕੀਟ ਅਜੇ ਵੀ ਮੰਗ ਦੀ ਕਮੀ ਨਹੀਂ, ਬੇਰੋਜ਼ਗਾਰੀ ਦੀ ਦਰ 4.9 ਫ਼ੀਸਦੀ ਹੈ। ਦੇਸ਼ ਭਰ ਵਿਚ 10 ਲੱਖ ਤੋਂ ਵੱਧ ਨੌਕਰੀਆਂ ਦੀਆਂ ਅਸਾਮੀਆਂ ਹਨ। ਕੁਝ ਸੈਕਟਰ ਜਿਵੇਂ ਸਿਹਤ ਦੇਖਭਾਲ ਤੇ ਸਮਾਜਿਕ ਸੇਵਾਵਾਂ ਵਿਚ ਕਾਫੀ ਅਸਾਮੀਆਂ ਖਾਲੀ ਹਨ ਤੇ ਕਾਮਿਆਂ ਦੀ ਮੰਗ ਵਧਦੀ ਹੀ ਜਾ ਰਹੀ ਹੈ। ਬੀਸੀ ਦੀ ਇਮੀਗਰਾਂਟ ਇੰਪਲਾਇਮੈਂਟ ਕੌਂਸਲ ਇਮੀਗ੍ਰਾਂਟ ਪ੍ਰਤਿਭਾ ਨੂੰ ਆਕਰਸ਼ਤ ਕਰਨ, ਭਰਤੀ ਕਰਨ ਤੇ ਬਰਕਰਾਰ ਰੱਖਣ ਲਈ ਬੀਸੀ ਦੇ ਰੋਜ਼ਗਾਰਦਾਤਾਵਾਂ ਲਈ ਹੱਲ ਲੱਭਦੀ ਤੇ ਉਤਸ਼ਾਹਿਤ ਕਰਦੀ ਹੈ ਤਾਂ ਜੋ ਵਰਤਮਾਨ ਤੇ ਭਵਿੱਖ ਦੀਆਂ ਲੋੜਾਂ ਪੂਰੀਆਂ ਕੀਤੀਆਂ ਜਾ ਸਕਣ। ਇਹ ਕੰਮਵਾਲੀਆਂ ਥਾਵਾਂ ਨਾਲ ਹੁਨਮੰਦ ਪ੍ਰਵਾਸੀਆਂ ਨੂੰ ਜੋੜਨ ਲਈ ਰੋਜ਼ਗਾਰਦਾਤਾਵਾਂ 'ਤੇ ਕੇਂਦਰਿਤ ਸਰੋਤ ਤੇ ਪ੍ਰੋਗਰਾਮ ਬੀਸੀ ਵਿਚ ਸਾਰੇ ਅਕਾਰ ਤੇ ਸੈਕਟਰ ਵਾਲੇ ਕਾਰੋਬਾਰਾਂ ਦੀ ਮਦਦ ਕਰਦੀ ਹੈ। ਬੀਸੀ ਦੀ ਇਮੀਗਰਾਂਟ ਇੰਪਲਾਇਮੈਂਟ ਕੌਂਸਲ ਦੇ ਸੀਈਓ ਪੈਟਰਿਕ ਮੈਕੇਂਜ਼ੀ ਹਾਲ ਹੀ ਵਿਚ ਬਰਲਿਨ ਵਿਚ ਟਰਾਂਸਐਟਲਾਂਟਿਕ ਕੌਂਸਲ ਆਨ ਮਾਈਗ੍ਰੇਸ਼ਨ ਦੀ ਮੀਟਿੰਗ ਵਿਚ ਸ਼ਾਮਿਲ ਹੋਏ ਸਨ। ਕੌਂਸਲ ਚੁਣੇ ਹੋਏ ਤੇ ਜਨਤਕ ਸੇਵਾ ਸੇਵਾ ਨੇਤਾਵਾਂ ਦਾ ਉੱਚ ਪੱਧਰੀ ਸੰਗਠਨ ਹੈ ਜਿਹੜਾ ਸਮੁੱਚੇ ਯੂਰਪ, ਉੱਤਰੀ ਅਮਰੀਕਾ ਤੇ ਆਸਟਰੇਲੀਆ ਵਿਚ ਪ੍ਰਵਾਸੀ ਨੀਤੀ ਮੁੱਦਿਆਂ ਦੀ ਘੋਖ ਕਰਦਾ ਹੈ।

BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping



Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC

CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site
(Even to the Moon)
"Where the Builders Buy"

REAL ESTATE BUY & SELL | MORTGAGES 1st, 2nd or Private | BUILD WITH WARRANTY BUILD, SUPPORT & ADVICE TEAM WORK
KULWANT ATWAL 604-716-2135 | BHAJAN ATWAL 604-773-8426 | 604-773-8426 604-594-7592



Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:



amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

# ਗੁਰਦੀਪ ਆਰਟ ਅਕੈਡਮੀ ਵੱਲੋਂ 'ਵਿਜ਼ਟਰ ਵੀਜ਼ਾ' ਨਾਟਕ ਯੂਨੀਅਨ ਸਿਟੀ ਵਿਖੇ 29 ਨੂੰ




ਸਰੀ (ਹਰਦਮ ਮਾਨ)-ਗੁਰਦੀਪ ਭੁੱਲਰ ਵੱਲੋਂ ਕੈਨੇਡਾ ਵਿਚ ਕਈ ਵਾਰ ਖੇਡਿਆ ਗਿਆ ਅਤੇ ਲੋਕਾਂ ਵੱਲੋਂ ਭਰਪੂਰ ਹੁੰਗਾਰਾ ਹਾਸਲ ਕਰਨ ਵਾਲਾ ਨਾਟਕ 'ਵਿਜ਼ਟਰ ਵੀਜ਼ਾ'ਹੁਣ ਕੈਲੀਫੋਰਨੀਆਂ ਦੇ ਸ਼ਹਿਰ ਯੂਨੀਅਨ ਸਿਟੀ ਵਿਚ ਜੇਮਜ਼ ਲੋਗਨ ਹਾਈ ਸਕੂਲ ਵਿਖੇ 29 ਅਕਤੂਬਰ 2022 ਨੂੰ ਸ਼ਾਮ 7 ਵਜੇ ਖੇਡਿਆ ਜਾ ਰਿਹਾ ਹੈ। ਨਾਟਕ ਤੋਂ ਪਹਿਲਾਂ ਇਸੇ ਸਥਾਨ 'ਤੇ ਸ਼ਾਮ 5ਤੋਂ 7 ਵਜੇ ਤੱਕ ਚਿਤਰਕਾਰ ਜਰਨੈਲ ਸਿੰਘ ਦੇ ਚਿੱਤਰਾਂ ਦੀ ਪ੍ਰਦਰਸ਼ਨੀ ਵੀ ਲਾਈ ਜਾਵੇਗੀ। ਇਹ ਜਾਣਕਾਰੀ ਦਿੰਦਿਆਂ ਪ੍ਰਸਿੱਧ ਆਰਟਿਸਟ ਜਰਨੈਲ ਸਿੰਘ ਨੇ ਕਿਹਾ ਹੈ ਕਿ ਬਹੁਤ ਸਾਰੀਆਂ ਕਲਾਵਾਂ ਦਾ ਸੁਮੇਲ ਗੁਰਦੀਪ ਭੁੱਲਰ ਕਾਲਜ ਪੜ੍ਹਦੇ ਸਮੇਂ ਜਿੱਥੇ ਉਹ ਹਾਕੀ ਦਾ ਦੇਸ਼ ਪੱਧਰ ਦਾ ਖਿਡਾਰੀ ਸੀ ਉਥੇ ਉਹ ਅਪਣੇ ਸਮੇਂ ਦਾ ਪ੍ਰਸਿੱਧ ਸੰਗੀਤਕਾਰ ਅਤੇ ਗਾਇਕ ਵੀ ਸੀ। ਪੰਜਾਬ ਰਹਿੰਦਿਆਂ ਵੀ ਉਹ ਨਾਟਕਾਂ ਵਿਚ ਅਦਾਕਾਰੀ ਤਾਂ ਕਰਦਾ ਰਿਹਾ ਸੀ ਪਰ ਕਨੇਡਾ ਆ ਕੇ ਉਹ ਬਹੁਤ ਵਧੀਆ ਤੇ ਸਾਰਥਿਕ ਨਾਟਕਾਂ ਦਾ ਮੰਚਣ ਵੀ ਕਰਦਾ ਆ ਰਿਹਾ ਹੈ। ਜਿਥੇ ਉਹ ਵਧੀਆ ਅਦਾਕਾਰ ਹੈ ਉਥੇ ਉਹ ਉਤਮ ਡਾਇਰੈਕਟਰ ਵੀ ਹੈ। ਕੈਨੇਡਾ ਆ ਕੇ 2004 ਵਿਚ ਉਸ ਨੇ ਆਪਣੇ ਚੰਡੀਗੜ੍ਹੀਏ ਦੋਸਤ ਜਰਨੈਲ ਸਿੰਘ ਆਰਟਿਸਟ ਨਾਲ ਰਲ ਕੇ ਸਰੀ ਵਿਚ ਇਕ ਆਰਟ ਸੈਂਟਰ ਦੀ ਸਥਾਪਨਾ ਕੀਤੀ ਜਿਥੇ ਗੁਰਦੀਪ ਆਰਟਸ ਅਕੈਡਮੀ ਅਤੇ ਜਰਨੈਲ ਆਰਟ ਗੈਲਰੀ ਨੇ ਕਲਾ ਪ੍ਰਤੀ ਸਰਗਰਮੀਆਂ ਅਤੇ ਸੇਵਾਵਾਂ ਸ਼ੁਰੂ ਕੀਤੀਆਂ ਅਤੇ ਨਵੀਂ ਪੀੜ੍ਹੀ ਨੂੰ ਵਿਰਸੇ ਅਤੇ ਪੰਜਾਬੀ ਕਲਾ ਸਭਿਆਚਾਰ ਨਾਲ ਜੋੜਨ ਲਈ ਕੰਮ ਸ਼ੁਰੂ ਕੀਤਾ। ਇਸ ਅਕੈਡਮੀ ਵਿਚ ਉਹ ਛੋਟੇ ਬੱਚਿਆ ਤੋਂ ਲੈ ਕੇ ਵਡੇਰੀ ਉਮਰ ਦੇ ਲੋਕਾਂ ਨੂੰ ਗਿੱਧਾ ਭੰਗੜਾ,ਕੋਰੀਓਗ੍ਰਾਫੀ,ਗਾਇਕੀ, ਅਦਾਕਾਰੀ ਅਤੇ ਚਿਤਰਕਾਰੀ ਸਿਖਾਉਂਦੇ ਹਨ। ਇਸ ਅਕੈਡਮੀ ਵਿਚ ਇਹ ਕਲਾਵਾਂ ਸਿੱਖ ਕੇ ਬੱਚੇ ਕਈ ਵੱਡੇ ਇਨਾਮ ਜਿੱਤ ਚੁੱਕੇ ਹਨ। ਇਸ ਅਕੈਡਮੀ ਵਿੱਚੋਂ ਸਿਖਲਾਈ ਲੈ ਕੇ ਕਲਾਕਾਰ ਜਿੱਥੇ ਗੁਰਦੀਪ ਭੁੱਲਰ ਵੱਲੋਂ ਖੇਡੇ ਜਾ ਰਹੇ ਨਾਟਕਾਂ ਵਿਚ ਅਦਾਕਾਰੀ ਕਰਦੇ ਹਨ ਉੱਥੇ ਉਹਨਾਂ ਨੇ ਪੰਜਾਬੀ ਅਤੇ ਹਿੰਦੀ ਫਿਲਮਾਂ ਵਿਚ ਵੀ ਆਪਣੀ ਅਦਾਕਾਰੀ ਦਾ ਲੋਹਾ ਮੰਨਵਾਇਆ ਹੈ। ਗੁਰਦੀਪ ਭੁੱਲਰ ਵੱਲੋਂ ਬਣਾਈਆਂ ਟੈਲੀ ਫਿਲਮਾਂ ਪੰਜਾਬੀ ਸਿਨਮੇ ਵਿਚ ਅਪਣਾ ਵਿਲੱਖਣ ਸਥਾਨ ਰਖਦੀਆਂ ਹਨ। ਉਸ ਦੀ ਫਿਲਮ 'ਕੰਮੋਂਭਰੂਣ ਹੱਤਿਆ ਦੇ ਵਿਸ਼ੇ 'ਤੇ ਬਣੀ ਇਕ ਨਿਵੇਕਲੀ ਤੇ ਪ੍ਰਭਾਵਸ਼ਾਲੀ ਫਿਲਮ ਹੈ। ਉਸ ਦੀ ਦੂਜੀ ਫਿਲਮ 'ਤਿਲਕਣ' ਪੰਜਾਬੀ ਸਿਨਮੇ ਵਿਚ ਏਡਜ਼ 'ਤੇ ਬਣੀ ਹੋਈ ਇੱਕੋ ਇਕ ਫਿਲਮ ਹੈ। ਇਹਨਾਂ ਫਿਲਮਾਂ ਵਿਚ ਉਸ ਨੇ ਸਮਾਜਿਕ ਮੁੱਦਿਆਂ ਨੂੰ ਲੈ ਕੇ ਲੋਕਾਂ ਦਾ ਰਾਹ ਦਸੇਰਾ ਬਣਨ ਦੀ ਕੋਸ਼ਿਸ਼ ਕੀਤੀ ਹੈ। ਉਸ ਨੇ ਸ਼ਾਰਟ ਫਿਲਮਾਂ ਵੀ ਬਣਾਈਆਂ ਹਨ। ਉਸ ਦੀ ਸ਼ਾਰਟ ਫਿਲਮ 'ਦਿ ਬੈੱਲ' ਬਿਨਾ ਡਾਇਲਾਗ ਤੋਂ ਆਪਣੇ ਆਪ ਵਿਚ ਇਕ ਵੱਖਰੀ ਫਿਲਮ ਹੈ। ਉਸ ਦੀਆਂ ਫਿਲਮਾਂ ਬਹੁਤ ਸਾਰੇ ਅੰਤਰਰਾਸ਼ਟਰੀ ਇਨਾਮ ਜਿੱਤ ਚੁੱਕੀਆਂ ਹਨ। ਆਪਣੀਆਂ ਫਿਲਮਾਂ ਵਿਚ ਉਹ ਵਾਧੂ ਚੁਟਕਲਿਆਂ ਨਾਲ ਮਨੋਰੰਜਨ ਕਰਨ ਦੀ ਬਜਾਏ ਮਨੋਰੰਜਕ ਤਰੀਕੇ ਨਾਲ ਦਰਸ਼ਕਾਂ ਨੂੰ ਵਿਸ਼ੇ ਨਾਲ ਜੋੜਦਾ ਹੈ। ਇਕ ਵਾਰ ਸ਼ੁਰੂ ਕਰਕੇ ਦਰਸ਼ਕ ਫਿਲਮ ਪੂਰੀ ਦੇਖਣ ਤੋਂ ਬਿਨਾ ਨਹੀਂ ਛੱਡ ਸਕਦਾ। ਫਿਲਮਾਂ ਦੇ ਨਾਲ ਗੁਰਦੀਪ ਭੁੱਲਰ ਕਨੇਡਾ ਵਿਚ ਨਾਟਕਾਂ ਦਾ ਲਗਾਤਾਰ ਮੰਚਨ ਕਰਦਾ ਰਿਹਾ ਹੈ। ਪਹਿਲੀ ਵਾਰ ਉਸਨੇ 2004 ਵਿਚ ਅਨਮੋਲ ਕੌਰ ਦਾ ਲਿਖਿਆ ਨਾਟਕ 'ਰਿਸ਼ਤੇ' ਕੈਨੇਡਾ ਵਿਚ ਕਾਮਯਾਬੀ ਨਾਲ ਖੇਡਿਆ। ਇਸ ਨਾਟਕ ਦੇ ਉਹਨੇ ਟੀਮ ਸਮੇਤ ਪੰਜਾਬ ਵਿਚ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਪਟਿਆਲਾ, ਮੁਹਾਲੀ ਤੇ ਚੰਡੀਗੜ ਵਿਚ ਸ਼ੋ ਕੀਤੇ। ਇਹ ਪਹਿਲੀ ਵਾਰ ਸੀ ਕਿ ਕਨੇਡਾ ਦੀ ਰੰਗਮੰਚ ਟੀਮ ਪੰਜਾਬ ਵਿਚ ਕਾਮਯਾਬੀ ਨਾਲ ਸ਼ੋਅ ਕਰਕੇ ਆਈ। ਇਸ ਨਾਟਕ ਤੋਂ ਬਿਨਾਂ ਪਰਮਿੰਦਰ ਸਵੈਚ ਦਾ ਨਾਟਕ 'ਬੁੱਝੋ ਭਲਾ ਮੈਂ ਕੌਣ' ਬੱਚਿਆਂ ਤੋਂ ਖਿਡਵਾਇਆ। ਸੁਰਿੰਦਰ ਕੌਰ ਦੇ ਗੀਤਾਂ 'ਤੇ ਆਧਾਰਿਤ ਸੰਗੀਤ ਨਾਟਕ 'ਚਿੜੀਆਂ ਦਾ ਚੰਬਾ' ਤਿਆਰ ਕੀਤਾ ਜਿਸ ਵਿਚ 65-70 ਕਲਾਕਾਰਾਂ ਨੇ ਕੰਮ ਕੀਤਾ ਤੇ ਬੈੱਲ ਸੈਂਟਰ ਵਿਚ ਕਾਮਯਾਬੀ ਨਾਲ ਖੇਡਿਆ। ਇਸ ਤੋਂ ਬਾਦ ਕਾਮਾਗਾਟਾ ਮਾਰੂ, ਵੱਡਾ ਘਰ, ਤੀਸਰੀ ਅੱਖ, ਮੈਲੇ ਹੱਥ,ਪਰਾਊਡ ਟੂ ਬੀ ਸਿੱਖ, ਪੀਟਰ ਕਨੇਡੀਅਨ ਆਦਿ ਨਾਟਕਾਂ ਦਾ ਉਹ ਆਪਣੀ ਟੀਮ ਨਾਲ ਵੱਖ ਵੱਖ ਸ਼ਹਿਰਾਂ ਵਿਚ ਸ਼ੋਅ ਕਰ ਚੁੱਕਾ ਹੈ। ਨਾਟਕ ਬਾਰੇ ਹੋਰ ਜਾਣਕਾਰੀ ਲਈ ਸਰਦੂਲ ਸਮਰਾ ਨਾਲ ਫੋਨ ਨੰਬਰ 415-810-9557 ਅਤੇ ਪ੍ਰੋ. ਸੁਖਦੇਵ ਸਿੰਘ ਨਾਲ ਫੋਨ ਨੰਬਰ 415-637-4325 'ਤੇ ਸੰਪਰਕ ਕੀਤਾ ਜਾ ਸਕਦਾ ਹੈ।

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839

ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANNERY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

604-594-0616



# ਵੈਨਕੂਵਰ ਵਿਚਾਰ ਮੰਚ ਵੱਲੋਂ ਪ੍ਰਸਿੱਧ ਵਿਦਵਾਨ ਡਾ. ਦਵਿੰਦਰ ਸਿੰਘ ਸੇਖੋਂ ਨਾਲ ਵਿਸ਼ੇਸ਼ ਸੰਵਾਦ

ਸਰੀ (ਹਰਦਮ ਮਾਨ)-ਵੈਨਕੂਵਰ ਵਿਚਾਰ ਮੰਚ ਵੱਲੋਂ ਪ੍ਰਸਿੱਧ ਵਿਦਵਾਨ ਅਤੇ ਅਧਿਆਤਮਿਕ ਸਾਹਿਤ ਦੇ ਰਚੇਤਾ ਡਾ. ਦਵਿੰਦਰ ਸਿੰਘ ਸੇਖੋਂ ਨਾਲ ਸੰਵਾਦ ਰਚਾਉਣ ਲਈ ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਸਰੀ ਵਿਖੇ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਗਿਆ। ਪ੍ਰੋਗਰਾਮ ਦਾ ਆਗਾਜ਼ ਮੋਹਨ ਗਿੱਲ ਦੇ ਸਵਾਗਤੀ ਸ਼ਬਦਾਂ ਨਾਲ ਹੋਇਆ। ਜਰਨੈਲ ਸਿੰਘ ਆਰਟਿਸਟ ਨੇ ਵੈਨਕੂਵਰ ਵਿਚਾਰ ਦੇ ਉਦੇਸ਼ ਸਾਰੇ ਸੰਖੇਪ ਵਿਚ ਜਾਣਕਾਰੀ ਦਿੰਦਿਆਂ ਕਿਹਾ ਕਿ ਇਹ ਇਕ ਅਜਿਹਾ ਪਲੇਟਫਾਰਮ ਹੈ ਜਿੱਥੇ ਹਰ ਖੇਤਰ ਦੇ ਕਲਾਕਾਰਾਂ, ਸਾਹਿਤਕਾਰਾਂ, ਪੱਤਰਕਾਰਾਂ, ਵਿਦਵਾਨਾਂ ਨਾਲ ਬੈਠ ਕੇ ਖੁੱਲ੍ਹ ਕੇ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ। ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਅਤੇ ਪਰਮਜੀਤ ਸਿੰਘ ਸੇਖੋਂ ਨੇ ਡਾ. ਦਵਿੰਦਰ ਸਿੰਘ ਸੇਖੋਂ ਦੀ ਜਾਣ ਪਛਾਣ ਕਰਵਾਉਂਦਿਆਂ ਕਿਹਾ ਕਿ



ਉਨ੍ਹਾਂ ਵੱਲੋਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਅੰਗਰੇਜ਼ੀ ਵਿਚ ਕੀਤਾ ਗਿਆ ਅਨੁਵਾਦ ਬਹੁਤ ਮਹਾਨ ਅਤੇ ਸ਼ਲਾਘਾਯੋਗ ਕਾਰਜ ਹੈ। ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਉਨ੍ਹਾਂ ਦੀ ਪੁਸਤਕ 'ਗੁਰੂ ਗ੍ਰੰਥ ਸਾਹਿਬ ਦਾ ਇਲਾਹੀ ਸੰਦੇਸ਼' ਵੀ ਸਿੱਖ ਜਗਤ ਲਈ ਵੱਡਮੁੱਲੀ ਰਚਨਾ ਹੈ। ਡਾ. ਦਵਿੰਦਰ ਸਿੰਘ ਸੇਖੋਂ ਨੇ ਇਸ ਮੌਕੇ ਦੱਸਿਆ ਕਿ ਉਹ ਬਚਪਨ ਤੋਂ ਹੀ ਸ੍ਰੀ ਗੁਰੂ ਗਰੰਥ ਸਾਹਿਬ ਨਾਲ ਜੁੜ ਗਏ ਸਨ ਅਤੇ ਛੋਟੀ ਉਮਰ ਵਿਚ ਪਾਠ ਕਰਨ ਲੱਗ ਪਏ ਸਨ। ਇਹਦੇ ਪਿੱਛੇ ਉਨ੍ਹਾਂ ਦੇ ਨਾਨਾ ਜੀ ਦੀ ਧਾਰਮਿਕ ਸ਼ਖ਼ਸੀਅਤ ਦਾ ਅਸਿੱਧੇ ਤੌਰ ਤੇ ਪ੍ਰਭਾਵ ਸੀ। ਕਾਲਜ ਵਿਚ ਪੜ੍ਹਦਿਆਂ ਉਨ੍ਹਾਂ ਦਾ ਰੁਝਾਨ ਕਹਾਣੀ ਲਿਖਣ ਵੱਲ ਹੋ ਗਿਆ ਸੀ ਅਤੇ ਅਖ਼ਬਾਰਾਂ, ਰਸਾਲਿਆਂ ਵਿਚ ਉਨ੍ਹਾਂ ਦੀਆਂ ਕਹਾਣੀਆਂ ਛਪਦੀਆਂ ਰਹੀਆਂ। ਜਦੋਂ 1984 ਵਿਚ ਸ੍ਰੀ ਹਰਮੰਦਰ ਸਾਹਿਬ ਉੱਪਰ ਹਮਲਾ ਹੋਇਆ ਤਾਂ ਉਨ੍ਹਾਂ ਦਾ ਰੁਝਾਨ ਧਾਰਮਿਕ ਖੇਤਰ ਵੱਲ ਜ਼ਿਆਦਾ ਹੋ ਗਿਆ। 1992-93 ਵਿਚ ਉਨ੍ਹਾਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਸਟੱਡੀ ਸ਼ੁਰੂ ਕਰ ਦਿੱਤੀ। 2009 ਵਿਚ ਰਿਟਾਇਰ ਹੋ ਕੇ ਉਹ ਕੈਨੇਡਾ ਆ ਗਏ। ਇਥੇ ਅਲਬਰਟਾ, ਬੀਸੀ ਵਿਚ ਕੁਝ ਦੇਰ ਰਹਿਣ ਉਪਰੰਤ ਓਨਟਾਰੀਓ ਚਲੇ ਗਏ। ਡਾ. ਸਾਹਿਬ ਸਿੰਘ ਰਾਹੀਂ ਗੁਰਬਾਣੀ ਦੀ ਸਮਝ ਲੱਗੀ ਤਾਂ ਉਨ੍ਹਾਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਗਹਿਰਾ ਅਧਿਐਨ ਸ਼ੁਰੂ ਕਰ ਦਿੱਤਾ। ਫਿਰ ਬਹੁਤ ਸਾਰੇ ਦੋਸਤਾਂ ਅਤੇ ਸ਼ਰਧਾਲੂਆਂ ਵੱਲੋਂ ਜ਼ੋਰ ਪਾਉਣ 'ਤੇ ਉਨ੍ਹਾਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅੰਗਰੇਜ਼ੀ ਅਨੁਵਾਦ ਕਰਨ ਦਾ ਕਾਰਜ ਸ਼ੁਰੂ ਕੀਤਾ ਅਤੇ ਪੰਜ ਸਾਲਾਂ ਵਿਚ ਇਹ ਕਾਰਜ ਮੁਕੰਮਲ ਹੋਇਆ ਹੈ। ਇਸ ਨੂੰ ਦੋ ਭਾਗਾਂ ਵਿਚ ਪ੍ਰਕਾਸ਼ਿਤ ਕੀਤਾ ਗਿਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਤੋਂ ਇਲਾਵਾ ਉਨ੍ਹਾਂ ਦੀਆਂ ਪੁਸਤਕਾਂ- ਧਰਮ ਹੇਤ ਸਾਕਾ ਜਿਨ ਕੀਆ, Brief Life History of Guru Nanak Sahib, Divine message of Guru Granth Sahib, ਪੁਨਰ ਜਨਮ ਅਤੇ ਸਵਰਗ ਨਰਕ, ਗਲੀਏ ਚਿੱਕੜ ਦੂਰ ਘਰ, ਗਰੀਬੀ ਗਦਾ ਹਮਾਰੀ ਪ੍ਰਕਾਸ਼ਿਤ ਹੋ ਚੁੱਕੀਆਂ ਹਨ ਅਤੇ ਦੋ ਪੁਸਤਕਾਂ ਗੁਰੂ ਨਾਨਕ ਸਾਹਿਬ ਦੀ ਮੱਕਾ ਫੇਰੀ ਅਤੇ ਪੰਜਾਬੀ ਅਤੇ ਪੰਜਾਬੀਅਤ ਪ੍ਰਕਾਸ਼ਨ ਅਧੀਨ ਹਨ। ਇਸ ਮੌਕੇ ਉਨ੍ਹਾਂ ਦੁਆਰਾ ਅਨੁਵਾਦਿਤ ਸ੍ਰੀ ਗੁਰੂ ਗਰੰਥ ਸਾਹਿਬ ਦੀ ਅੰਗਰੇਜ਼ੀ ਪੁਸਤਕ Reflections of Sri Guru Granth Sahib ਵੀ ਰਿਲੀਜ਼ ਕੀਤੀ ਗਈ। ਇਸ ਪ੍ਰੋਗਰਾਮ ਵਿਚ ਹੋਰਨਾਂ ਤੋਂ ਇਲਾਵਾ ਅੰਗਰੇਜ਼ ਸਿੰਘ ਬਰਾੜ, ਦਲੀਪ ਸਿੰਘ ਮਾਂਗਟ, ਬਾਵਾ ਸਿੰਘ ਕਹਿਲ, ਐਫ.ਸੀ. ਸ਼ਰਮਾ, ਬਲਵੰਤ ਸਿੰਘ ਉੱਪਲ, ਹਰਦਮ ਸਿੰਘ ਮਾਨ ਮੌਜੂਦ ਸਨ। ਅੰਤ ਵਿਚ ਪਰਮਜੀਤ ਸਿੰਘ ਸੇਖੋਂ ਨੇ ਸਭਨਾਂ ਦਾ ਧੰਨਵਾਦ ਕੀਤਾ।




## ਮੇਅਰ ਡੱਗ ਮੈਕਲਮ ਨੂੰ ਮਿਊਂਸਪਲ ਚੋਣਾਂ 'ਚ ਹਾਰ ਸਵੀਕਾਰ ਨਹੀਂ

ਸਫ਼ਾ 1 ਦੀ ਬਾਕੀ

ਬਣਾਉਣ ਬਾਰੇ ਮੈਕਲਮ ਦੇ ਫ਼ੈਸਲੇ ਨੂੰ ਜਾਰੀ ਰੱਖਿਆ ਜਾਣਾ ਚਾਹੀਦਾ ਹੈ ਜਾਂ ਨਹੀਂ। ਲੋਕੇ ਦਾ ਇਕ ਵੋਟ ਨਾਲ ਸੱਤਾ ਸੰਤੁਲਨ ਬਣਿਆਂ ਹੋਇਆ ਹੈ ਕਿਉਂਕਿ ਉਨ੍ਹਾਂ ਦੀ ਪਾਰਟੀ ਦੇ 8 ਮੈਂਬਰੀ ਕੌਂਸਿਲ ਵਿਚੋਂ ਚਾਰ ਮੈਂਬਰ ਹਨ। ਬਾਕੀ ਚਾਰ ਵਿਚੋਂ ਦੋ ਕੌਂਸਲਰ ਮੈਕਲਮ ਦੀ ਸੇਫ ਸਰੀ ਕੁਲੀਸ਼ਨ ਦੇ ਮੈਂਬਰ ਹਨ ਜਦਕਿ ਦੋ ਸਰੀ ਫਸਟ ਸਲੇਟ ਦੇ ਮੈਂਬਰ ਹਨ। ਜੇਕਰ ਮੈਕਲਮ ਦੁਬਾਰਾ ਗਿਣਤੀ ਕਰਵਾਉਣ ਵਿਚ ਸਫਲ ਹੁੰਦੇ ਹਨ ਤਾਂ ਉਨ੍ਹਾਂ ਨੂੰ ਆਪਣੇ ਮਤਿਆਂ ਦੀ ਸਫਲਤਾ ਲਈ ਸਰੀ ਫਸਟ ਦੇ ਦੋ ਕੌਂਸਲਰਾਂ (ਲਿੰਡਾ ਐਨਿਸ ਅਤੇ ਮਾਈਕ ਬੌਸ) ਦੇ ਸਮਰਥਨ ਦੀ ਲੋੜ ਹੈ। ਐਨਿਸ ਪਿਛਲੀ ਕੌਂਸਲ ਵਿਚ ਮੈਕਲਮ ਦਾ ਵਿਰੋਧ ਕਰਦੀ ਰਹੀ ਹੈ। ਬੋਸ ਨਵਾਂ ਕੌਂਸਲਰ ਬਣਿਆ ਹੈ। ਐਕਟ ਦੀ ਧਾਰਾ 148 ਮੁਤਾਬਿਕ ਅਦਾਲਤ ਵਿਚ ਸਹੀ ਤਰੀਕੇ ਨਾਲ ਵੋਟਾਂ ਨਾ ਸਵੀਕਾਰ ਕਰਨ ਦੇ ਆਧਾਰ 'ਤੇ ਵੋਟਾਂ ਦੀ ਦੁਬਾਰਾ ਗਿਣਤੀ ਲਈ ਅਰਜ਼ੀ ਦਿੱਤੀ ਜਾ ਸਕਦੀ ਹੈ। ਵੋਟਾਂ ਦੀ ਦੁਬਾਰਾ ਗਿਣਤੀ ਲਈ ਬੇਨਤੀ ਚੋਣਾਂ ਤੋਂ 9 ਦਿਨਾਂ ਦੇ ਅੰਦਰ ਅੰਦਰ ਕੀਤੀ ਜਾ ਸਕਦੀ ਹੈ। ਜੇਕਰ ਅਦਾਲਤ ਫ਼ੈਸਲਾ ਕਰਦੀ ਹੈ ਕਿ ਵੋਟਾਂ ਦੀ ਗਿਣਤੀ ਦੁਬਾਰਾ ਕੀਤੀ ਜਾਵੇ ਤਾਂ ਇਸ ਨੂੰ 13 ਦਿਨਾਂ ਦੇ ਅੰਦਰ ਅੰਦਰ ਕੀਤਾ ਜਾਣਾ ਚਾਹੀਦਾ ਹੈ। ਇਸੇ ਦੌਰਾਨ ਈਸਟ ਕੂਟਨੀ ਵਿਚ ਕੈਨਾਲ ਫਲੈਟਸ ਵਿਚ ਮਾਰਕ ਡੋਹਰਟੀ ਤੇ ਡੱਗ ਮੈਕਕੁਬੈਨ ਨੂੰ 158-158 ਵੋਟਾਂ ਮਿਲਣ ਪਿੱਛੋਂ ਮੇਅਰ ਦੇ ਅਹੁਦੇ ਲਈ ਵੋਟਾਂ ਦੀ ਦੁਬਾਰਾ ਗਿਣਤੀ ਹੋਣ ਦੀ ਆਸ ਹੈ। ਇਸੇ ਤਰ੍ਹਾਂ ਵੈਸਟ ਕੇਲੋਨਾ ਵਿਚ ਕੌਂਸਲ ਦੇ ਛੇਵੀਂ ਤੇ ਅੰਤਿਮ ਥਾਂ ਲਈ ਵੋਟਾਂ ਦੀ ਗਿਣਤੀ ਦੁਬਾਰਾ ਹੋਣ ਦੀ ਆਸ ਹੈ ਕਿਉਂਕਿ ਗੈਰੇਟ ਮਿਲਸੈਪ ਤੇ ਟੋਮ ਗਰੇਟ ਵਿਚ ਇਕ ਵੋਟ ਦਾ ਫਰਕ ਦੇਖਿਆ ਗਿਆ ਹੈ।



# ਬਰਤਾਨੀਆ ਦੀ ਪ੍ਰਧਾਨ ਮੰਤਰੀ ਲਿਜ ਟਰੱਸ ਵੱਲੋਂ ਪਾਰਟੀ ਚ ਬਗਾਵਤ ਉਪਰੰਤ ਅਸਤੀਫਾ ਦਿੱਤਾ

ਲੰਡਨ-ਬਰਤਾਨੀਆ ਦੀ ਪ੍ਰਧਾਨ ਮੰਤਰੀ ਲਿਜ਼ ਟਰੱਸ ਨੇ ਕੰਜ਼ਰਵੇਟਿਵ ਪਾਰਟੀ ਵਿਚ ਆਪਣੀ ਲੀਡਰਸ਼ਿਪ ਵਿਰੁੱਧ ਖੁੱਲ੍ਹੀ ਬਗਾਵਤ ਤੋਂ ਬਾਅਦ ਪਾਰਟੀ ਆਗੂ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਉਨ੍ਹਾਂ ਕਿਹਾ ਕਿ ਉਹ ਪਿਛਲੇ ਮਹੀਨੇ ਮਿਲੇ ਫਤਵੇ ਦੀ ਪਾਲਣਾ ਕਰਨ ਵਿੱਚ ਅਸਮਰੱਥ ਸੀ। ਇਸ ਤਰ੍ਹਾਂ ਲੰਡਨ ਵਿੱਚ 10 ਡਾਊਨਿੰਗ ਸਟਰੀਟ ਵਿੱਚ ਸਿਰਫ 45 ਦਿਨਾਂ ਵਿੱਚ ਹੀ ਉਨ੍ਹਾਂ ਦਾ ਕਾਰਜਕਾਲ ਖਤਮ ਹੋ ਗਿਆ। ਟਰੱਸ (47), ਆਪਣੇ ਉੱਤਰਾਧਿਕਾਰੀ ਦੀ ਨਿਯੁਕਤੀ ਤਕ ਪ੍ਰਧਾਨ ਮੰਤਰੀ ਵਜੋਂ ਕੰਮ ਕਰਦੇ ਰਹਿਣਗੇ। ਕੰਜ਼ਰਵੇਟਿਵ ਪਾਰਟੀ ਦੇ ਨੇਤਾ ਦੀ ਚੋਣ ਅਗਲੇ ਹਫਤੇ ਤੱਕ ਪੂਰੀ ਹੋ ਸਕਦੀ ਹੈ। ਉਨ੍ਹਾਂ ਦੇ ਵਿਰੋਧੀ ਰਿਸ਼ੀ ਸੂਨਕ ਇਸ ਦੌੜ ਵਿੱਚ ਸਭ ਤੋਂ ਅੱਗੇ ਹਨ ਪਰ ਵੰਡੀ ਹੋਈ ਟੋਰੀ ਪਾਰਟੀ ਇਸ ਬਾਰੇ ਅਜੇ ਤੱਕ ਸਹਿਮਤੀ ਨਹੀਂ ਬਣਾ ਸਕੀ ਹੈ। ਉਧਰ, ਵਿਰੋਧੀ ਲੇਬਰ ਪਾਰਟੀ ਨੇ ਤੁਰੰਤ ਆਮ ਚੋਣਾਂ ਕਰਵਾਉਣ ਦੀ ਮੰਗ ਕੀਤੀ ਹੈ। 10 ਡਾਊਨਿੰਗ ਸਟਰੀਟ ਦੇ ਬਾਹਰ ਆਪਣੇ ਸੰਖੇਪ ਬਿਆਨ ਵਿੱਚ ਟਰੱਸ ਨੇ ਕਿਹਾ, "ਮੇਰਾ ਮੰਨਣਾ ਹੈ ਕਿ ਮੌਜੂਦਾ ਹਾਲਾਤ ਨੂੰ ਦੇਖਦਿਆਂ ਮੈਂ ਲੋਕਾਂ ਦੀਆਂ ਆਸਾਂ ਉਮੀਦਾਂ 'ਤੇ ਖਰੀ ਨਹੀਂ ਉਤਰ ਸਕੀ ਜਿਸ ਲਈ ਕੰਜ਼ਰਵੇਟਿਵ ਪਾਰਟੀ ਨੇ ਮੈਨੂੰ ਚੁਣਿਆ ਸੀ।" ਉਨ੍ਹਾਂ ਸਮਰਾਟ ਚਾਰਲਸ 3 ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਨੂੰ ਆਪਣੇ



ਅਸਤੀਫ਼ੇ ਤੋਂ ਜਾਣੂ ਕਰਾਇਆ। ਉਨ੍ਹਾਂ ਸਰ ਗ੍ਰਾਹਮ ਬ੍ਰੈਡੀ ਨਾਲ ਵੀ ਮੁਲਾਕਾਤ ਕੀਤੀ ਜੋ ਟੋਰੀ ਲੀਡਰਸ਼ਿਪ ਦੀ 1922 ਚੋਣ ਕਮੇਟੀ ਦੇ ਚੇਅਰਮੈਨ ਹਨ। ਉਨ੍ਹਾਂ ਕਿਹਾ, ਅਸੀਂ ਇਸ ਗੱਲ 'ਤੇ ਸਹਿਮਤ ਹੋਏ ਹਾਂ ਕਿ ਲੀਡਰਸ਼ਿਪ ਦੀ ਚੋਣ ਅਗਲੇ ਹਫ਼ਤੇ ਤੱਕ ਪੂਰੀ ਹੋਵੇਗੀ। ਇਸ ਨਾਲ ਇਹ ਯਕੀਨੀ ਹੋਵੇਗਾ ਕਿ ਅਸੀਂ ਆਪਣੀਆਂ ਵਿੱਤੀ ਯੋਜਨਾਵਾਂ ਨੂੰ ਪੂਰਾ ਕਰਨ ਦੇ ਰਾਹ 'ਤੇ ਚੱਲੀਏ ਅਤੇ ਆਪਣੇ ਦੇਸ਼ ਦੀ ਆਰਥਿਕ ਸਥਿਰਤਾ ਅਤੇ ਰਾਸ਼ਟਰੀ ਸੁਰੱਖਿਆ ਨੂੰ ਕਾਇਮ ਰੱਖੀਏ। ਉੱਤਰਾਧਿਕਾਰੀ ਦੀ ਚੋਣ ਹੋਣ ਤੱਕ ਉਹ ਪ੍ਰਧਾਨ ਮੰਤਰੀ ਰਹਿਣਗੇ।" ਟਰੱਸ ਨੇ ਆਪਣੇ ਪਤੀ ਨਾਲ 10 ਡਾਊਨਿੰਗ ਸਟਰੀਟ ਨੂੰ ਛੱਡਦਿਆਂ ਕਿਹਾ ਕਿ ਉਨ੍ਹਾਂ ਜਦੋਂ ਅਹੁਦਾ ਸੰਭਾਲਿਆ ਉਦੋਂ ਮੁਲਕ ਵਿੱਚ ਭਾਰੀ ਅਸਥਿਰਤਾ ਸੀ ਪਰ ਅਖੀਰ ਉਨ੍ਹਾਂ ਮੰਨਿਆ ਕਿ ਉਹ ਆਪਣੇ ਆਰਥਿਕ ਏਜੰਡੇ ਨੂੰ ਪੂਰਾ ਕਰਨ ਦੇ ਆਪਣੇ ਮਿਸ਼ਨ ਵਿੱਚ ਅਸਫਲ ਰਹੀ ਹੈ। ਉਹ ਬਰਤਾਨੀਆ ਦੀ ਤੀਜੀ ਮਹਿਲਾ ਪ੍ਰਧਾਨ ਮੰਤਰੀ ਹਨ। ਉਨ੍ਹਾਂ ਤੋਂ ਪਹਿਲਾਂ ਮਾਰਗਰੇਟ ਥੈਚਰ ਅਤੇ ਟੈਰੇਸਾ ਮੇਅ ਇਸ ਅਹੁਦੇ 'ਤੇ ਰਹਿ ਚੁੱਕੀਆਂ ਹਨ। ਕੰਜ਼ਰਵੇਟਿਵ ਪਾਰਟੀ ਦੇ ਨੇਤਾ ਦੀ ਦੌੜ ਵਿੱਚ ਸੂਨਕ ਨੂੰ ਸਭ ਤੋਂ ਅੱਗੇ ਮੰਨਿਆ ਜਾ ਰਿਹਾ ਹੈ ਪਰ ਪਾਰਟੀ ਅੰਦਰਲੀ ਖਿੱਚੋਤਾਣ ਕਾਰਨ ਤਸਵੀਰ ਅਜੇ ਸਪੱਸ਼ਟ ਨਹੀਂ ਹੋ ਸਕੀ ਹੈ।

## ਅਦਾਕਾਰ ਤੇ ਐਥਲੀਟ ਜੋਹਨੀ ਇਸਾਲੁਕ ਤੋਂ ਆਰਡਰ ਆਫ ਕੈਨੇਡਾ ਵਾਪਿਸ ਲਿਆ

ਓਟਵਾ-ਗਵਰਨਰ ਜਨਰਲ ਮੈਰੀ ਸਾਈਮਨ ਨੇ ਅਦਾਕਾਰ ਤੇ ਐਥਲੀਟ ਜੌਹਨੀ ਇਸਾਲੁਕ ਨੂੰ ਆਰਡਰ ਆਫ ਕੈਨੇਡਾ ਤੋਂ ਵਾਂਝਾ ਕਰ ਦਿੱਤਾ ਹੈ। ਸਨਿਚਰਵਾਰ ਛਪੇ ਰੈਗੂਲੇਟਰ ਨੋਟਿਸ ਵਿਚ ਕਿਹਾ ਗਿਆ ਹੈ ਕਿ ਇਸਾਲੁਕ ਦੀ ਨਿਯੁਕਤੀ 31 ਅਗਸਤ ਨੂੰ ਖਤਮ ਕਰ ਦਿੱਤੀ ਗਈ ਸੀ। ਆਰਡਰ ਆਫ ਕੈਨੇਡਾ ਲਈ ਨਿਯੁਕਤੀ ਨੂੰ ਸਲਾਹਕਾਰ ਕੌਂਸਲ ਦੀ ਸਿਫਾਰਸ਼ 'ਤੇ ਗਵਰਨਰ ਜਨਰਲ ਵਲੋਂ ਖਤਮ ਕੀਤਾ ਜਾ ਸਕਦਾ ਹੈ। ਨੋਟਿਸ ਵਿਚ ਇਸਾਲੁਕ ਦੀ ਮੈਂਬਰਸ਼ਿਪ ਵਾਪਸ ਲੈਣ ਦੇ ਕਾਰਨ ਨਹੀਂ ਦੱਸੇ ਗਏ ਅਤੇ ਰੀਡਿਉ ਹਾਲ ਨੇ ਇਸ ਬਾਰੇ ਕੋਈ ਵੇਰਵੇ ਨਹੀਂ ਦਿੱਤਾ, ਸਿਰਫ ਇੰਨਾ ਕਿਹਾ ਕਿ ਸਲਾਹਕਾਰ ਕੌਂਸਲ ਨੇ ਸਿੱਟਾ ਕੱਢਿਆ ਕਿ ਬਰਖਾਸਤ ਕਰਨ ਲਈ ਆਧਾਰ ਮੌਜੂਦ ਹਨ। ਇਸਾਲੁਕ ਜਿਹੜਾ ਚੈਸਟਰਫੀਲਡ ਇਨਲੈੱਟ ਐਨਵੀਟੀ ਨਾਲ ਸਬੰਧਤ ਹੈ ਨੂੰ 2019 ਵਿਚ ਕੈਨੇਡਾ ਦੇ ਸਰਬਉੱਚ ਸਿਵਲੀਅਨ ਆਰਡਰ ਲਈ ਨਿਯੁਕਤ ਕੀਤਾ ਗਿਆ ਸੀ।

## ਮੁਕਾਬਲੇ ਵਿਚ ਮਰੇ ਵਿਅਕਤੀ ਦੀ ਮਾਂ ਚਾਹੁੰਦੀ ਹੈ ਇਨਸਾਫ

ਵੈਨਕੂਵਰ-ਬੀਸੀ ਦੀ ਇਕ ਔਰਤ ਜਿਸ ਦਾ ਪੁੱਤਰ ਐਸਕਾਰਟ ਦੇ ਦੌਰੇ ਪਿੱਛੋਂ ਉਸ ਦੇ ਸਰੀ ਸਥਿਤ ਘਰ ਵਿਚ ਮ੍ਰਿਤਕ ਪਾਇਆ ਗਿਆ ਇਨਸਾਫ ਚਾਹੁੰਦੀ ਹੈ। ਉਸ ਦਾ ਕਹਿਣਾ ਕਿ ਮਾਮਲੇ ਵਿਚ ਦੋਸ਼ ਆਇਦ ਹੋਣ ਪਿੱਛੋਂ ਉਸ ਨੂੰ ਰਾਹਤ ਮਿਲੀ ਹੈ। ਵੈਨਕੂਵਰ ਦੇ ਐਸਕਾਰਟ ਜੈਸਿਕਾ ਕੇਨ ਖਿਲਾਫ ਵਿਅਕਤੀ ਦੀ ਮੌਤ ਲਈ ਮੈਨਸਲਾਟਰ ਦੇ ਦੋਸ਼ ਲਗਾਏ ਗਏ ਹਨ। 30 ਸਾਲਾ ਕੇਨ 18 ਮਹੀਨਿਆਂ ਤੋਂ ਲੋਅਰ ਮੇਨਲੈਂਡ ਵਿਚ ਨਸ਼ੀਲੇ ਪਦਾਰਥਾਂ ਤੇ ਕਈ ਹੋਰਾਂ ਨੂੰ ਲੁੱਟਣ ਦੇ ਵਾਧੂ ਦੋਸ਼ਾਂ ਦਾ ਸਾਹਮਣਾ ਕਰ ਰਹੀ ਹੈ। ਉਹ ਵੀਰਵਾਰ ਸਰੀ ਵਿਚ ਪ੍ਰੋਵਿੰਸ਼ੀਅਲ ਅਦਾਲਤ ਵਿਚ ਪੇਸ਼ ਹੋਈ ਅਤੇ ਉਸ ਨੂੰ 14 ਸ਼ਰਤਾਂ ਤੇ 50 ਹਜ਼ਾਰ ਡਾਲਰ ਦੀ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ। ਉਸ ਨੂੰ ਉਸ ਦੇ ਕਥਿਤ ਪੀੜਤਾਂ ਨਾਲ ਸੰਪਰਕ ਕਰਨ ਦੀ ਇਜਾਜ਼ਤ ਨਹੀਂ। ਵਿਅਕਤੀ ਜਿਸ ਦੀ ਮੌਤ ਹੋ ਗਈ ਦੀ ਮਾਂ ਦਾ ਕਹਿਣਾ ਕਿ ਕੇਨ ਦੀ ਰਿਹਾਈ ਦੁਖਾਂਤ ਹੈ। ਉਸ ਨੇ ਗੁੰਝਲਦਾਰ ਜਾਂਚ ਲਈ ਸਰੀ ਆਰਸੀਐਮਪੀ ਦੇ ਕੰਮ ਦੀ ਸ਼ਲਾਘਾ ਕੀਤੀ ਅਤੇ ਮੁੱਖ ਜਾਂਚ ਅਧਿਕਾਰੀ ਨੂੰ ਕਿਹਾ ਕਿ ਤੁਸੀਂ ਸ਼ਾਨਦਾਰ ਕੰਮ ਕੀਤਾ ਹੈ। ਤੁਸੀਂ ਉਸ ਨੂੰ ਲੱਭ ਕੇ ਹੈਰਾਨੀਜਨਕ ਕੰਮ ਕੀਤਾ ਹੈ।

## ਹੈਲੀਕਾਪਟਰ ਦੀ ਮਦਦ ਨਾਲ ਪੁਲਿਸ ਨੇ ਚੋਰੀ ਦਾ ਮੋਟਰ ਸਾਈਕਲ ਤੇ ਨਸ਼ੀਲਾ ਪਦਾਰਥ ਕੀਤਾ ਬਰਾਮਦ

ਸਰੀ-ਪੁਲਿਸ ਨੇ ਦੱਸਿਆ ਕਿ ਏਅਰ ਇਕ ਹੈਲੀਕਾਪਟਰ ਨੇ 6 ਅਕਤੂਬਰ ਨੂੰ ਨਿਊਟਨ ਵਿਚ ਇਕ ਚੋਰੀ ਦਾ ਮੋਟਰ ਸਾਈਕਲ ਅਤੇ ਫੇਂਟਾਨਿਲ, ਮੇਥਲਫੇਟਾਮਾਈਨ ਤੇ ਕੋਕੀਨ ਬਰਾਮਦ ਕਰਨ ਵਿਚ ਮਦਦ ਕੀਤੀ ਹੈ। ਸਰੀ ਪੁਲਿਸ ਮੁਤਾਬਿਕ ਬਿਨ੍ਹਾਂ ਲਾਇਸੰਸ ਪਲੇਟ ਵਾਲਾ ਇਕ ਮੋਟਰ ਸਾਈਕਲ 16 ਐਵੀਨਿਊ ਤੋਂ ਉੱਤਰ ਵੱਲ ਜਾਣ ਵਾਲੇ 99 ਹਾਈਵੇਅ 'ਤੇ ਰੈੱਡ ਲਾਈਟ ਤੋਂ ਜਾਂਦਾ ਦੇਖਿਆ ਗਿਆ। ਉਸ ਸਮੇਂ ਪੁਲਿਸ ਦਾ ਏਅਰ ਇਕ ਹੈਲੀਕਾਪਟਰ ਇਲਾਕੇ ਵਿਚ ਮੌਜੂਦ ਸੀ। ਕੌਂਪਲ ਵਨੇਸਾ ਮੁਨ ਨੇ ਦੱਸਿਆ ਕਿ ਮੋਟਰ ਸਾਈਕਲ ਦਾ ਤੁਰੰਤ ਪਤਾ ਲਗਾ ਕੇ ਉਸ ਦਾ ਸੁਰੱਖਿਅਤ ਤਰੀਕੇ ਨਾਲ ਪਿੱਛਾ ਕੀਤਾ ਗਿਆ। 62 ਐਵੀਨਿਊ ਤੇ 136 ਸਟਰੀਟ ਨੇੜੇ ਮੋਟਰ ਸਾਈਕਲ ਸਵਾਰ ਮੋਟਰ ਸਾਈਕਲ ਖੜ੍ਹਾ ਕਰਕੇ ਭੱਜ ਪਿਆ। ਪੁਲਿਸ ਨੇ 38 ਸਾਲਾ ਸ਼ੱਕੀ ਨੂੰ ਗ੍ਰਿਫਤਾਰ ਕਰ ਲਿਆ ਜਿਸ ਖਿਲਾਫ ਪ੍ਰੋਬੇਸ਼ਨ ਦੀ ਉਲੰਘਣਾ ਕਾਰਨ ਵਾਰੰਟ ਵੀ ਜਾਰੀ ਕੀਤਾ ਹੋਇਆ ਸੀ। ਅਦਾਲਤ ਵਿਚ ਅਗਲੀ ਪੇਸ਼ੀ ਤਕ ਸ਼ੱਕੀ ਹਿਰਾਸਤ ਵਿਚ ਰਹੇਗਾ। ਪੁਲਿਸ ਨੇ ਇਕ ਥੈਲੇ ਵਿਚੋਂ 600 ਗ੍ਰਾਮ ਮੇਥਲਫੇਟਾਮਾਈਨ, ਕੋਕੀਨ ਤੇ ਫੇਂਟਾਨਿਲ ਨਸ਼ੀਲਾ ਪਦਾਰਥ ਬਰਾਮਦ ਕੀਤਾ ਹੈ। ਇਸ ਗੱਲ ਦਾ ਸ਼ੱਕ ਹੈ ਕਿ ਸ਼ੱਕੀ ਨੇ ਪੁਲਿਸ ਕੋਲੋਂ ਭੱਜਦੇ ਸਮੇਂ ਇਹ ਥੈਲਾ ਸੁੱਟ ਦਿੱਤਾ ਸੀ। ਜਾਂਚ ਵਿਚ ਪਤਾ ਲੱਗਾ ਕਿ ਇਹ ਮੋਟਰਸਾਈਕਲ 20 ਸਤੰਬਰ 2022 ਨੂੰ ਚੋਰੀ ਕੀਤਾ ਗਿਆ। ਸ਼ੱਕੀ ਜਿਹੜਾ ਸੰਭਾਵਤ ਖਰੀਦਦਾਰ ਸੀ ਮੋਟਰ ਸਾਈਕਲ ਦੀ ਟਰਾਈ ਲੈਣ ਸਮੇਂ ਲੈ ਕੇ ਭੱਜ ਗਿਆ ਸੀ।


**Injured in an accident?**

**ICBC claim?**

**We can help.**

**Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.**

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

**We handle accident issues related to:**

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



**For a fair settlement for your claim, call Mandeep Randhawa today.**

604-449-7500

RM TRIAL LAWYERS

MANDEEP RANDHAWA LAW CORPORATION

PERSONAL INJURY LAWYERS

T 604-449-7500 F 604-449-7501

mrandhawa@rmlawyers.ca www.rmlawyers.ca

205-7134 King George Boulevard, Surrey, BC V3W 5A3

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY
LAW CORPORATION
www.hughesco.com

EXPERIENCE • INTEGRITY • RESULTS

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★
4.9 STAR
Google
REVIEW !

Link!
hughesco.com
*for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com


***AND** Service provided at Business Centres throughout the Fraser Valley and British Columbia.*
***Remote Location? No Problem. We will come to you !***

# ਬੰਦੀ ਛੋੜ ਦਿਵਸ ਦਾ ਇਤਿਹਾਸਕ ਮਹੱਤਵ



ਸਿੱਖ ਧਰਮ ਅੰਦਰ ਬੰਦੀ ਛੋੜ ਦਿਵਸ (ਦੀਵਾਲੀ) ਦਾ ਪਿਛੋਕੜ ਮੀਰੀ-ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗਵਾਲੀਅਰ ਕਿਲ੍ਹੇ ਵਿੱਚੋਂ ਰਿਹਾਅ ਹੋਣ ਨਾਲ ਜੁੜਿਆ ਹੋਇਆ ਹੈ। ਰਿਹਾਈ ਮਗਰੋਂ ਇਸ ਦਿਨ ਜਦੋਂ ਗੁਰੂ ਸਾਹਿਬ ਸ੍ਰੀ ਅੰਮ੍ਰਿਤਸਰ ਪੁੱਜੇ ਸਨ ਤਾਂ ਸੰਗਤਾਂ ਵੱਲੋਂ ਦੀਪਮਾਲਾ ਕਰਕੇ ਖ਼ੁਸ਼ੀਆਂ ਮਨਾਈਆਂ ਗਈਆਂ। ਗੁਰੂ ਸਾਹਿਬ ਨੇ ਗਵਾਲੀਅਰ ਕਿਲ੍ਹੇ ਵਿੱਚੋਂ ਬਾਹਰ ਆਉਣ ਸਮੇਂ ਆਪਣੇ ਨਾਲ ਉਨ੍ਹਾਂ ਰਾਜਿਆਂ ਦੀ ਵੀ ਖਲਾਸੀ ਕਰਵਾਈ ਜੋ ਉੱਥੇ ਜਹਾਂਗੀਰ ਵੱਲੋਂ ਕੈਦੀ ਬਣਾ ਕੇ ਰੱਖੇ ਗਏ ਸਨ। ਸਿੱਖ ਇਤਿਹਾਸ ਦੇ ਇਹ ਪੰਨੇ ਕੂੜ ਉੱਪਰ ਧਰਮ ਅਤੇ ਸੱਚਾਈ ਦੀ ਜਿੱਤ ਦੇ ਪ੍ਰਤੀਕ ਹਨ।

ਬੰਦੀ ਛੋੜ ਦਿਵਸ ਸਾਨੂੰ ਸੱਚ ਦੀ ਆਵਾਜ਼ ਬਣਨ ਅਤੇ ਜ਼ੁਲਮ ਦੇ ਸਤਾਏ ਹੋਏ ਲੋਕਾਂ ਦੇ ਹੱਕ ਵਿੱਚ ਅੱਗੇ ਆਉਣ ਦੀ ਪ੍ਰੇਰਨਾ ਦਿੰਦਾ ਹੈ। ਸਿੱਖੀ ਦੇ ਮੁੱਢਲੇ ਅਸੂਲਾਂ ਵਿੱਚ ਨਿਆਂ ਅਤੇ ਪਰਉਪਕਾਰ ਮੋਹਰੀ ਹੈ। ਇਸੇ ਤਹਿਤ ਸਿੱਖ ਗੁਰੂ ਸਾਹਿਬਾਨ ਨੇ ਹਰ ਪੀੜਤ ਧਿਰ ਨਾਲ ਖੜ੍ਹਦਿਆਂ ਜ਼ੁਲਮਾਂ ਵਿਰੁੱਧ ਆਵਾਜ਼ ਬੁਲੰਦ ਕੀਤੀ ਅਤੇ ਹੱਕ, ਸੱਚ ਤੇ ਨਿਆਂ ਨੂੰ ਪ੍ਰਮੁੱਖਤਾ ਨਾਲ ਉਭਾਰਿਆ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਅਦੁੱਤੀ ਸ਼ਹਾਦਤ ਤੋਂ ਬਾਅਦ ਇਹ ਗੱਲ ਸਪੱਸ਼ਟ ਹੋ ਗਈ ਸੀ ਕਿ ਜ਼ਾਲਮਾਂ ਦੇ ਜ਼ੁਲਮ ਨੂੰ ਠੱਲ੍ਹ ਪਾਉਣ ਲਈ ਸ਼ਸਤਰਧਾਰੀ ਹੋਣਾ ਪਵੇਗਾ। ਇਸੇ ਲਈ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਗੱਦੀ 'ਤੇ ਬਿਰਾਜਮਾਨ ਹੋਣ ਮੌਕੇ ਮੀਰੀ ਤੇ ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕੀਤੀਆਂ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਿਰਜਣਾ ਕਰਵਾਈ। ਗੁਰੂ ਸਾਹਿਬ ਨੇ ਸਿੱਖਾਂ ਨੂੰ ਚੰਗੀ ਨਸਲ ਦੇ ਘੋੜੇ ਅਤੇ ਸ਼ਸਤਰ ਲਿਆਉਣ ਦਾ ਹੁਕਮ ਕੀਤਾ। ਇਸ ਤਰ੍ਹਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਿੱਖਾਂ ਨੂੰ 'ਸੰਤ ਸਿਪਾਹੀ' ਬਣਾ ਦਿੱਤਾ ਸੀ। ਵਕਤ ਦੀ ਸ਼ਕਤੀਸ਼ਾਲੀ ਮੁਗਲੀਆ ਹਕੂਮਤ ਦੇ ਦੌਰ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੀ ਫ਼ੌਜ ਨਾਲ ਜਿੰਨੀਆਂ ਵੀ ਲੜਾਈਆਂ ਲੜੀਆਂ, ਸਾਰੀਆਂ ਵਿੱਚ ਉਹ ਜੇਤੂ ਰਹੇ। ਪਰ ਇਸ ਦੇ ਚੱਲਦਿਆਂ ਹਕੂਮਤ ਨੇ ਗੁਰੂ-ਘਰ ਦੇ ਕੁਝ ਦੋਖੀਆਂ ਦੀਆਂ ਚੁਗਲੀਆਂ ਅਤੇ ਕੱਟੜਪੰਥੀ ਮੁਸਲਮਾਨ ਨੇਤਾਵਾਂ ਦੇ ਕੁਝ ਬਹਾਨਿਆਂ ਨੂੰ ਮੁੱਦਾ ਬਣਾ ਕੇ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਨਜ਼ਰਬੰਦ ਕਰ ਦਿੱਤਾ। ਗੁਰੂ ਸਾਹਿਬ ਦੀ ਗ੍ਰਿਫ਼ਤਾਰੀ ਸੁਣ ਕੇ ਸੰਗਤਾਂ ਵਿਆਕੁਲ ਹੋਣ ਲੱਗੀਆਂ। ਸੰਗਤਾਂ ਸ੍ਰੀ ਅੰਮ੍ਰਿਤਸਰ ਤੋਂ ਗਵਾਲੀਅਰ ਪੁੱਜਦੀਆਂ, ਪਰ ਗੁਰੂ ਸਾਹਿਬ ਦੇ ਦਰਸ਼ਨ ਨਾ ਹੋਣ ਕਾਰਨ ਕਿਲ੍ਹੇ ਦੀ ਪਰਿਕਰਮਾ ਕਰਕੇ ਵਾਪਸ ਆ ਜਾਂਦੀਆਂ। ਗੁਰੂ ਸਾਹਿਬ ਦੀ ਆਭਾ ਅਤੇ ਸੰਗਤ ਦੀ ਭਾਵਨਾ ਵੇਖ ਕੇ ਜਹਾਂਗੀਰ ਨੂੰ ਸਮਝ ਪੈ ਗਈ ਕਿ ਇਸ ਲਹਿਰ ਨੂੰ ਬਹੁਤੀ ਦੇਰ ਨਹੀਂ ਦਬਾਇਆ ਜਾ ਸਕਦਾ। ਉਸ ਨੇ ਗੁਰੂ ਜੀ ਨਾਲ ਸੁਲ੍ਹਾ ਕਰਨੀ ਹੀ ਠੀਕ ਸਮਝੀ ਤੇ ਗੁਰੂ ਜੀ ਦੀ ਰਿਹਾਈ ਦੇ ਹੁਕਮ ਭੇਜੇ, ਪਰ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਕੱਲਿਆਂ ਕਿਲ੍ਹੇ ਵਿੱਚੋਂ ਰਿਹਾਅ ਹੋ ਕੇ ਬਾਹਰ ਆਉਣਾ ਸਵੀਕਾਰ ਨਾ ਕੀਤਾ ਅਤੇ ਉੱਥੇ ਬੰਦੀ ਬਣਾਏ ਰਾਜਪੂਤ ਰਾਜਿਆਂ ਆਦਿ ਦੀ ਰਿਹਾਈ ਦੀ ਹਕੂਮਤ ਨਾਲ ਗੱਲਬਾਤ ਵੀ ਤੋਰੀ ਅਤੇ ਗੁਰੂ ਸਾਹਿਬ ਜੀ ਦੀ ਸੂਝਬੂਝ ਸਦਕਾ ਕੈਦੀ ਰਾਜਿਆਂ ਨੂੰ ਵੀ ਬੰਦੀਖਾਨੇ ਤੋਂ ਮੁਕਤੀ ਮਿਲੀ। ਸਿੱਖ ਪਰੰਪਰਾਵਾਂ ਅਨੁਸਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਵੰਜਾ ਕਲੀਆਂ ਵਾਲਾ ਇੱਕ ਖ਼ਾਸ ਚੋਲਾ ਪਹਿਨਿਆ ਸੀ ਅਤੇ ਉਨ੍ਹਾਂ ਬਵੰਜਾ ਰਾਜਪੂਤ ਰਾਜਿਆਂ ਨੇ ਗੁਰੂ ਜੀ ਦਾ ਲੜ ਫੜਕੇ ਗਵਾਲੀਅਰ ਦੇ ਕਿਲ੍ਹੇ ਦੀ ਕੈਦ ਤੋਂ ਛੁਟਕਾਰਾ ਹਾਸਲ ਕੀਤਾ ਸੀ। ਇਸ ਤਰ੍ਹਾਂ ਇਸ ਦਿਨ ਤੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ 'ਬੰਦੀ-ਛੋੜ' ਦਾਤਾ ਦੇ ਨਾਮ ਨਾਲ ਜਾਣਿਆ ਜਾਣ ਲੱਗਾ। ਬੰਦੀ ਛੋੜ ਦਿਵਸ 'ਤੇ ਹਰ ਸਾਲ ਸਿੱਖ ਅੰਮ੍ਰਿਤਸਰ ਵਿੱਚ ਇਕੱਠੇ ਹੋ ਕੇ ਆਪਣੇ ਜੀਵਨ ਨੂੰ ਗੁਰਮਤਿ ਦੀਆਂ ਸੇਧਾਂ ਵਿੱਚ ਤੋਰਨ ਲਈ ਇਨ੍ਹਾਂ ਚਾਨਣ ਮੁਨਾਰਿਆਂ ਦੀ ਸਹਾਇਤਾ ਲੈਣ ਦੇ ਯਤਨ ਕਰਦੇ ਹਨ। ਅੱਜ ਵੀ ਖ਼ਾਲਸਾ ਪੰਥ ਬੰਦੀ ਛੋੜ ਦਿਵਸ (ਦੀਵਾਲੀ) ਦੇ ਮੌਕੇ ਅੰਮ੍ਰਿਤਸਰ ਵਿੱਚ ਭਾਰੀ ਗਿਣਤੀ ਵਿੱਚ ਇਕੱਠਾ ਹੁੰਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਕੌਮ ਦੇ ਨਾਂ ਸੰਦੇਸ਼ ਦਿੰਦੇ ਹਨ। ਮੰਤਵ ਇਹ ਹੈ ਕਿ ਸਿੱਖ ਕੌਮ ਆਪਣੇ ਇਤਿਹਾਸ ਨਾਲ ਜੁੜ ਕੇ ਭਵਿੱਖ ਦੀਆਂ ਤਰਜੀਹਾਂ ਨਿਰਧਾਰਤ ਕਰੇ। ਸੋ ਬੰਦੀ ਛੋੜ ਦਿਵਸ (ਦੀਵਾਲੀ) ਦੇ ਮੌਕੇ 'ਤੇ ਜਿੱਥੇ ਸਿੱਖ ਨੇ ਹੱਕ ਸੱਚ, ਸੰਤੋਖ ਤੇ ਸਬਰ ਦੀ ਜਿੱਤ ਦੇ ਵਿਸ਼ਵਾਸ ਨੂੰ ਦ੍ਰਿੜ ਕਰਨਾ ਹੈ, ਉੱਥੇ ਸਿੱਖੀ ਸਿਖਰ ਦੀ ਪਰਿਪੱਕਤਾ ਨੂੰ ਰੋਮ ਰੋਮ ਵਿੱਚ ਵਸਾਉਣਾ ਹੈ।







MJM
FURNITURE
ਦਿਵਾਲੀ
ਦੀਆਂ ਬਹੁਤ ਬਹੁਤ
ਵਧਾਈਆਂ
Lots of Design
Best Quality
Best Price
Expressing
Your Interior
World
Finance Available
O.A.C
Quality Furniture for Your Home.
Come visit our showroom. Over 34,000 sq ft
of quality Fine Furniture
THREE LOCATIONS TO SERVE YOU
604-596-9901
13570 - 77th Ave., Surrey, BC
604-522-1388
#2, 1315 United Boulevard, Coquitlam BC
3057 grandview hwy vancouver,
604-454-1191

Is Diwali, apni family ko Canada ke best 5G network par le aiye.



Save $600 and up*

over 15 months on select plans when you sign up with a family member.

Visit a Bell store • bell.ca/hinglish

Bell

Celebrations just got better

bell.ca/5G

*Current as of October 07, 2022. Offer ends October 28, 2022. Savings applied as a $10/month bill credit over 15 months. Additional $20/month per line discount over 15 months available to the primary subscriber activated on the account with an eligible rate plan (maximum 4 lines). Offer is only eligible on in-market Essential/Ultimate plans; if the customer moves to an ineligible plan, the offer will drop. Offer valid on new activations, BYOD and add a line only. Bring-your-own device rate plans are on a 30-day term and will continue month-to-month thereafter. Rates are subject to change. See bell.ca/mobilitytermsofservice. This offer cannot be combined with an already discounted plan. The Offer is subject to change without notice. Taxes extra. Available with new activation when adding additional lines on eligible 2-year plans (excluding Business, Tablet and Mobile Internet plans). Primary line not eligible for additional line discount. Based on a third-party score (Global Wireless Solutions OneScore™) calculated using wireless network testing in Canada against other national wireless networks. Connection service fee ($50 per line will appear on your first bill. 9-1-1 government monthly fee in Alb.: $0.95, N.B.: $0.97, N.L.: $0.75, N.S.: $0.43, P.E.I.: $0.70, QC.: $0.46, Sask.: $1.95, N.W.T.: $1.70. Other conditions apply. Additional one-time fees are subject to change over time. See bell.ca/onetimefees for details. Speed and signal strength may vary due to traffic, topography, environmental conditions and other factors, like Bell's management of network resources, using methods which include Internet traffic management practices. See bell.ca/ITMP. Visit bell.ca/hinglish for offer details.

# ਦੀਵਾਲੀ ਦੀਆਂ ਲੱਖ ਲੱਖ ਵਧਾਈਆਂ

**SEVEN HORSES TRANSPORT LTD.**

## *NOW HIRING*




**APPLY NOW!**

**3037 194 Street**
**Surrey BC**

**Phone: 604.533.4440**

**Fax: 604.533.9490**

**E: safety1@sevenhorses.ca**
**E: sarb@sevenhorses.ca**





### WE PROVIDE

- Excellent Pay Package
- Fuel Cards
- Competitive Salary
- On-Site Maintenance/Wash Facility
- Family Atmosphere
- Yard Loading/Unloading

### WE ARE LOOKING FOR

- US and Canadian Owner Operators
- Flat Deck Drivers
- Heavy Haul Drivers
- Highway Drivers
- Local Drivers

### EQUIPMENT

- Super-B's, 53ft. Steps, RGN, Ramps, New

**Fleet of 2022 Trucks company**

# DIWALI BANAIYE BRIGHTER COOL NEW GOOGLE PHONES KE SAATH.




## AUR BHI FUN WITH GOOGLE LIVE TRANSLATE.

Chat in 11 languages, interpret conversations, translate signs with camera, no Internet required.

ONLY

$10/MO. 0% APR

For 24 months with Sweet Pay™ on eligible 2-year plans¹.

Pixel 6a

Affordable · Fast · Secure

**VIRGINPLUS.CA/HINGLISH**

Taxes extra. One-time connection service fee $50 applies.

Virgin plus

Offer valid until October 28, 2022. Available to new Virgin Plus Members where access/technology permit. Subject to change without notice; not combinable with other offers. Taxes extra. 4G LTE data speed may reach download speeds of up to 150 Mbps, with the coverage and reliability of the LTE network. Speed and signal strength may vary due to traffic, topography, environmental conditions and other factors, like Virgin Plus' management of network resources, using methods which include Internet traffic management practices. See virginplus.ca/ITMP. (1) With new activation on $60/mo. rate plan. Amortized taxes on the financed amount are payable with your monthly device payments. Purchase financing provided by Virgin Plus, on approved credit. Cost of borrowing is $0. If you end your Service Agreement early or you change your plan to a non-eligible plan, you will have to pay an early exit charge. The early exit charge consists of your remaining device payments, and the remaining balance on your Agreement Credit (plus applicable taxes) if you received one at the time of purchase. For details visit vpc.ca/phones. VIRGIN, VIRGIN PLUS and the Virgin Signature logo are trademarks of Virgin Enterprises Limited and used under license. All other trademarks are property of their respective owners. © Virgin Plus 2022.

# ਬੰਦੀ ਛੋੜ ਦਿਵਸ ਅਤੇ ਦੀਵਾਲੀ ਦੀਆਂ ਲੱਖ ਲੱਖ ਵਧਾਈਆਂ

## The Right Realtors for Today's Market





**Kanwalpreet Sekhon**
ਕੰਵਲਪ੍ਰੀਤ ਸਿੰਘ ਸੇਖੋਂ
**604-825-2281**
kanwal_sekhon@hotmail.com

**Bhupinderjit Sekhon**
ਭੁਪਿੰਦਰਜੀਤ ਸਿੰਘ ਸੇਖੋਂ
**604-825-2046**
bhupinder.sekhon73@gmail.com

PLANET GROUP
REALTY INC.

## PLANET GROUP REALTY INC.

**#266-8128 128 St, Surrey**
**T: 604-572-1008, F: 604-572-3008**


ਸਪੈਸ਼ਲ ਸੈਲ!
www.dream-carpets.com
dream carpets
Shaw FLOORS
Ansonylon
STAINMASTER CARPET
ClearTouch
from $1.98 SF
Berber
Installed
Textured Saxony
Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From
.78 cent
Berber
Starts From
.78 cent
Area Rug (5x8)
Starts From
$68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch




## ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ



ਲੇਖਕ : ਹਰਚੰਦ ਸਿੰਘ ਬਾਗੜੀ
604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

1495 ਬੇ-ਓੜਕੀ ਜੁੜੀ ਮੁਗਲ ਸ਼ਾਹੀ, ਸੁੱਖਾ ਸਿੰਘ ਸ਼ਹੀਦੀਆਂ ਪਾਈਆਂ ਨੇ।
ਸਿੱਖ ਫੌਜਾਂ ਅੰਤ ਨੂੰ ਹਟ ਪਿੱਛੇ, ਉਹ ਵੱਲ ਕਿਲ੍ਹੇ ਦੇ ਧਾਈਆਂ ਨੇ।
ਲੜਦੇ ਲੜਦੇ ਸਿੰਘ ਸੀ ਮੁੱਕ ਚੱਲੇ, ਨਾ ਮੱਦਦਾਂ ਕਿੱਧਰੋਂ ਆਈਆਂ ਨੇ।
ਹਰਚੰਦ ਸਿੰਘਾ ਸਰਹਿੰਦ 'ਚੋਂ ਸਿੱਖ ਫੌਜਾਂ, ਲੋਹਗੜ੍ਹ ਦੇ ਵੱਲ ਭਜਾਈਆਂ ਨੇ॥

### ਕਵੀਓ ਵਾਚ

1496 ਥਾਉਂ-ਥਾਈਂ ਸਿੰਘ ਸਰਦਾਰ ਬੈਠੇ, ਇਲਾਕੇ ਆਪੋ-ਆਪਣੇ ਮੱਲ ਕੇ ਜੀ।
ਆਪਸ ਵਿਚ ਰਾਬਤਾ ਰੱਖਿਆ ਨਾ, ਸਾਰ ਲਈ ਨਾ ਸੁਹੀਏ ਘੱਲ ਕੇ ਜੀ।
ਦਿੱਲੀ-ਦੱਖਣ ਲਾਹੌਰ ਕਸੂਰ ਵਾਲੇ, ਖੜੇ ਚਾਰ-ਚੁਫੇਰਾ ਵੱਲ ਕੇ ਜੀ।
ਹਰਚੰਦ ਸਿੰਘਾ ਭੁੱਲ-ਭੁਲਾ ਦਿੱਤਾ, ਆਉ ਬਾਦਸ਼ਾਹ ਦੱਖਣੋਂ ਚੱਲ ਕੇ ਜੀ॥

### ਬਹਾਦਰ ਸ਼ਾਹ ਨੇ ਸ਼ਾਹੀ ਕੈਂਪ ਸਡੌਰੇ ਕਰਨਾ

1497 ਬਾਦਸ਼ਾਹ ਸਡੌਰੇ ਕੈਂਪ ਕੀਤਾ, 'ਕੱਠੇ ਉਸਦੇ ਸਭ ਸਰਦਾਰ ਹੋਏ।
ਬੰਦਾ ਸਿੰਘ ਲੋਹਗੜ੍ਹ ਦੇ ਵਿਚ ਬੈਠਾ, ਫੜਨ ਵਾਸਤੇ ਸਭ ਤਿਆਰ ਹੋਏ।
ਚਾਰੇ ਪੁੱਤ ਸੀ ਸ਼ਾਹ ਦੇ ਨਾਲ ਚੱਲੇ, ਵਿੱਚ ਜੋਸ਼ ਦੇ ਮਾਰੋ-ਮਾਰ ਹੋਏ।
ਹਰਚੰਦ ਸਿੰਘਾ ਭਿੜੀਆਂ ਅੰਤ ਫੌਜਾਂ, ਇਕ ਦੂਜੇ ਤੇ ਕਹਿਰ ਦੇ ਵਾਰ ਹੋਏ॥

### ਮੀਂਹ-ਹਨੇਰੀ ਦਾ ਝੱਖੜ ਸ਼ੁਰੂ ਹੋਣਾ

1498 ਮਹੀਨਾ ਪੋਹ ਦਾ ਝੜੀ ਆਣ ਲੱਗੀ, ਠਰੀ ਪੌਣ ਤੇ ਬਾਰਸ਼ਾਂ ਵਰ੍ਹੀਆਂ ਨੇ।
ਪਾਣੀ ਆਏ ਪਹਾੜ ਤੋਂ ਜ਼ੋਰ ਦੇ ਕੇ, ਨਾਲੇ-ਨਦੀਆਂ ਮੂੰਹ ਥੀਂ ਭਰੀਆਂ ਨੇ।
ਨੀਵੀਂ ਥਾਂ ਤੇ ਮੁਗਲਾਂ ਕੈਂਪ ਲਾਏ, ਪੇਸ਼ ਜਾਏ ਨਾ ਜਾਨ ਨੂੰ ਬਣੀਆਂ ਨੇ।
ਹਰਚੰਦ ਸਿੰਘਾ ਸ਼ਾਹ ਨੂੰ ਕਹਿਣ ਸਾਰੇ, ਕਰਾਮਾਤਾਂ ਇਹ ਬੰਦੇ ਨੇ ਕਰੀਆਂ ਨੇ॥

1499 ਸਮਾਂ ਬੀਤਿਆ ਦਿਨ ਸੀ ਸਾਫ ਹੋਏ, ਲਾਏ ਮੋਰਚੇ ਆਣਕੇ ਕੋਲ ਸਿੰਘਾਂ।
ਅਲੀ-ਅਲੀ ਕਰਕੇ ਤੁਰਕ ਪੈਂਦੇ, ਵਾਰ ਕੀਤੇ ਵਾਹਿਗੁਰੂ ਬੋਲ ਸਿੰਘਾਂ।
ਭਾਵੇਂ ਗਿਣਤੀ ਵਿਚ ਸੀ ਬਹੁਤ ਥੋਹੜੇ ਪਰ ਦਿੱਤੀ ਲੜਾਈ ਤੋਲ ਸਿੰਘਾਂ।
ਹਰਚੰਦ ਸਿੰਘਾ ਉੱਚੀ ਥਾਂ ਬਹਿ ਕੇ, ਦਿੱਤਾ ਮੁਗਲਾਂ ਤਾਈਂ ਸੀ ਰੋਲ ਸਿੰਘਾਂ॥

1500 ਲੋਹਗੜ੍ਹ ਸੀ ਉਚੀ ਥਾਂ ਉਤੇ, ਦੋਵੇਂ ਪਾਸੇ ਨਦੀਆਂ ਵਹਿੰਦੀਆਂ ਨੇ।
ਸ਼ਾਹੀ ਫ਼ੌਜ ਨੇ ਦਾਗੀਆਂ ਆਣ ਤੋਪਾਂ, ਉਹੋ ਚਲਦੀਆਂ ਸਾਹ ਨਾ ਲੈਂਦੀਆਂ ਨੇ।
ਅੱਗੋਂ ਸਿੰਘਾਂ ਵੀ ਖੋਲ੍ਹੇ ਫਾਇਰ ਤੱਤੇ, ਦੋਵੇਂ ਪਾਸੇ ਦੁਹਾਈਆਂ ਪੈਂਦੀਆਂ ਨੇ।
ਹਰਚੰਦ ਸਿੰਘਾ ਮੁੱਕ ਜਦ ਤੀਰ ਜਾਂਦੇ, ਕਿਸ ਕੰਮ ਕਮਾਣਾ ਰਹਿੰਦੀਆਂ ਨੇ॥

### ਅੰਤ ਨੂੰ ਲੋਹਗੜ ਮੁਗਲਾਂ ਦੇ ਹੱਥ ਆਉਣਾ

1501 ਗੋਲੀ-ਸਿੱਕਾ ਸਿੰਘਾਂ ਦਾ ਮੁੱਕ ਚੱਲਾ, ਤੋਪਾਂ, ਰਫ਼ਲਾਂ ਅੰਤ ਨੂੰ ਖੜ੍ਹ ਗਈਆਂ।
ਸ਼ਾਹੀ ਫ਼ੌਜਾਂ ਤੋਪਾਂ ਦਾ ਲੈ ਲਾਹਾ, ਉਪਰ ਚੜ੍ਹਦੀਆਂ ਚੜ੍ਹਦੀਆਂ ਚੜ੍ਹ ਗਈਆਂ।
ਕਈ ਦਿਨ ਸਿੰਘਾਂ ਨੇ ਮੂੰਹ ਤੋੜੇ, ਜਿੰਦਾਂ ਝੜਦੀਆਂ ਝੜਦੀਆਂ ਝੜ ਗਈਆਂ।
ਬੰਦਾ ਸਿੰਘ ਕਿਲ੍ਹੇ 'ਚੋਂ ਹਰਨ ਹੋਏ, ਸ਼ਾਹੀ ਫ਼ੌਜਾਂ ਕਿਲ੍ਹੇ ਵਿਚ ਵੜ ਗਈਆਂ॥

1502 ਦਸੰਬਰ ਗਿਆਰਾਂ ਸਤਾਰਾਂ ਸੌ ਦਸ ਨੂੰ ਲੋਹਗੜ੍ਹ ਤੇ, ਕਬਜਾ ਮੁਨਿਮ ਖਾਂ ਨੇ ਆਣ ਕੀਤਾ।
ਗੁਲਾਬ ਸਿੰਘ ਨੂੰ ਬੰਦਾ ਸਿੰਘ ਸਮਝ ਫੜਿਆ, ਆਪਣੇ ਆਪ ਤੇ ਬੜਾ ਅਭਿਮਾਨ ਕੀਤਾ।
ਬਾਦਸ਼ਾਹ ਨੂੰ ਜਦੋਂ ਖਬਰ ਹੋਈ, ਉਸ ਮੁਨਿਮ ਦਾ ਘੋਰ ਅਪਮਾਨ ਕੀਤਾ।
ਹਰਚੰਦ ਸਿੰਘਾ ਜਿੱਤ ਕੇ ਸ਼ਾਹ ਹਾਰਾ, ਆਇਆ ਕੰਮ ਨਾ ਕਿਸੇ ਘਮਸਾਨ ਕੀਤਾ॥

### ਬਾਦਸ਼ਾਹ ਸਮੇਤ ਸਾਰਿਆਂ ਨੂੰ ਨਮੋਸ਼ੀ ਹੋਈ

1503 ਤੋੜ ਪਿੰਜਰਾ ਸ਼ੇਰ ਤਾਂ ਨਿਕਲ ਗਿਆ, ਨਮੋਸ਼ੀ ਹੋਈ ਦੇਖ ਸ਼ਿਕਾਰੀਆਂ ਨੂੰ।
ਖੁਸ਼ੀ ਜਿੱਤ ਦੀ ਵੀ ਨਾ ਕਰ ਸਕੇ, ਘਾਟਾ ਪਿਆ ਜਿਵੇਂ ਵਪਾਰੀਆਂ ਨੂੰ।
ਕਿਸ ਕੰਮ ਦਵਾ ਤੇ ਵੈਦ ਆਏ, ਠੱਲ ਪਾਏ ਨਾ ਜੋ ਬਿਮਾਰੀਆਂ ਨੂੰ।
ਹਰਚੰਦ ਸਿੰਘਾ ਢਹਿ ਜੇ ਮੱਲ 'ਖਾੜੇ, ਲਾਜ ਲੱਗੇ ਮਿਹਨਤਾਂ ਮਾਰੀਆਂ ਨੂੰ॥

### ਨਮੋਸ਼ੀ ਖਾ ਕੇ ਬਾਦਸ਼ਾਹ ਦਾ ਦੁਆਬੇ ਅਤੇ ਮਾਝੇ ਤੇ ਕਹਿਰ ਢਾਅ ਕੇ ਲਹੌਰ ਜਾਣਾ

1504 ਲੋਹਗੜ੍ਹ ਤੋਂ ਬਾਦਸ਼ਾਹ ਉੱਠ ਚੱਲਾ, ਖਾਲੀ ਹੱਥ ਤੇ ਮੂੰਹ ਲਮਕਾ ਕੇ ਜੀ।
ਬੰਦੇ ਮਗਰ ਪਹਾੜ ਨਾ ਚੜ੍ਹਨ ਜੋਗਾ, ਡੇਰੇ ਲਾਏ ਭਦੋਲੀ ਜਾ ਕੇ ਜੀ।
ਗੁੱਸੇ ਵਿਚ ਪਾਗਲਾਂ ਵਾਂਗ ਹੋਇਆ, ਕੁੱਤਾ ਹਲਕਦਾ ਸੱਪ ਜਿਉਂ ਖਾ ਕੇ ਜੀ।
ਹਰਚੰਦ ਸਿੰਘਾ ਸਿੱਖਾਂ ਤੇ ਹਿੰਦੂਆਂ ਤੇ, ਜਬਰ ਕੀਤੇ ਕਹਿਰ ਕਮਾ ਕੇ ਜੀ॥

### ਸਰਹਿੰਦ ਦੀ ਜਿੱਤ ਤੋਂ ਖੁਸ਼ ਹੋ ਕੇ ਬਹਾਦਰ ਸ਼ਾਹ ਨੇ ਵਜੀਦ ਖਾਂ ਕਸੂਰੀ (ਕੁਤਬੁਦੀਨ ਖਾਂ ਖੇਸ਼ਗੀ) ਨੂੰ ਜੰਮੂ ਦਾ ਗਵਰਨਰ ਬਣਾ ਕੇ ਭੇਜਣਾ

### ਸ਼ੰਮਸ ਖਾਂ ਨੇ ਵੀ ਉਸ ਨਾਲ ਜਾਣਾ

1505 ਵਜ਼ੀਦ ਖਾਂ ਕਸੂਰੀ ਨੂੰ ਬਾਦਸ਼ਾਹ ਨੇ, ਗਵਰਨਰ ਜੰਮੂ ਦਾ ਖਾਸ ਬਣਾਇਆ ਏ।
ਸ਼ਾਹੀ ਫੌਜਾਂ ਲੈ ਕੇ ਨਾਲ ਉਹੋ, ਰਾਏਪੁਰ ਆ ਡੇਰਾ ਲਾਇਆ ਏ।
ਸ਼ੰਮਸ ਖਾਂ ਗੁਆ ਕੇ ਫੌਜਦਾਰੀ, ਨਾਲ ਚਾਚੇ ਦੇ ਰਾਏਪੁਰ ਆਇਆ ਏ।
ਬੰਦਾ ਸਿੰਘ ਨੇ ਸਰ ਪਹਾੜ ਕਰਕੇ, ਪਠਾਣਕੋਟ ਆ ਮੁੱਖ ਵਿਖਾਇਆ ਏ॥

### ਕਵੀਓ ਵਾਚ

1506 ਰੋਸ ਸਿੰਘਾਂ ਨੂੰ ਸ਼ੰਮਸ-ਵਜ਼ੀਦ ਖਾਂ ਤੇ, ਸਰਹਿੰਦ ਉਨ੍ਹਾਂ ਨੇ ਅੱਤਿਆਚਾਰ ਕੀਤੇ।
ਤਿੰਨ ਸੌ ਸਿੰਘਾਂ ਦੇ ਸੀਸ-ਝੰਡੇ, ਬਹਾਦਰ ਸ਼ਾਹ ਦੇ ਪੇਸ਼ ਦਰਬਾਰ ਕੀਤੇ।
ਸੁੱਖਾ ਸਿੰਘ ਦਾ ਸੀਸ ਵੀ ਨਾਲ ਹੈ ਸੀ, ਬਾਜ ਸਿੰਘ ਨੇ ਨੈਣ ਅੰਗਿਆਰ ਕੀਤੇ।
ਹਰਚੰਦ ਸਿੰਘਾ ਬਦਲਾ ਲੈਣ ਲਈ, ਪਰਬਤ ਬੜੇ ਹੀ ਉਨ੍ਹਾਂ ਨੇ ਪਾਰ ਕੀਤੇ॥

### ਬਹਿਰਾਮਪੁਰ ਦੀ ਲੜਾਈ

1507 ਸੂਹ ਕੱਢਕੇ ਬੰਦਾ ਸਿੰਘ ਜੀ ਨੇ, ਸ਼ਾਹੀ ਫੌਜ ਨੂੰ ਲਿਆ ਸੀ ਘੇਰ ਮੀਆਂ।
ਵਜ਼ੀਦ ਖਾਂ ਸੀ ਟਾਲਾ ਕਰਨ ਲੱਗਾ, ਸ਼ੰਮਸ ਹੋਇਆ ਝੱਟ ਦਲੇਰ ਮੀਆਂ।
ਸਿੰਘਾਂ ਖੇਢੀ ਆਪਣੀ ਰਣਨੀਤੀ, ਮੂਹਰੇ ਭੱਜ ਪੇ ਲਾਈ ਨਾ ਦੇਰ ਮੀਆਂ।
ਹਰਚੰਦ ਸਿੰਘਾ ਸ਼ੰਮਸ ਸੀ ਪਿਆ ਪਿੱਛੇ, ਜਿਵੇਂ ਜਾਏ ਸ਼ਿਕਾਰ ਦੇ ਸ਼ੇਰ ਮੀਆਂ॥

### ਸਿੰਘਾਂ ਨੇ ਸ਼ੰਮਸ ਖਾਂ ਨੂੰ ਅੱਡ ਕੱਢ ਕੇ ਮਾਰਨਾ

1508 ਸ਼ੰਮਸ ਖਾਂ ਨੇ ਸੋਚਿਆ ਸਿੰਘ ਡਰੇ, ਉਹ ਜਾਂਦਾ ਪਿੱਛੇ ਲਲਕਾਰਦਾ ਏ।
ਸ਼ਬਦ ਬੋਲਦਾ ਸਿੰਘਾਂ ਨੂੰ ਅੱਤ ਮਾੜੇ, ਝੱਗ ਸੁੱਟਦਾ ਤੇ ਗਲਾ ਪਾੜਦਾ ਏ।
ਪਾਵਾਂ ਪਦਵੀ ਸਿੰਘਾਂ ਨੂੰ ਮਾਰ ਕੇ ਮੈਂ, ਉਹ ਭਰਿਆ ਜੋਸ਼ ਹੰਕਾਰ ਦਾ ਏ।
ਹਰਚੰਦ ਸਿੰਘਾ ਕੋਹ ਕੁ ਦੂਰ ਜਾ ਕੇ, ਬੰਦਾ ਸਿੰਘ ਬਰੇਕਾਂ ਮਾਰਦਾ ਏ॥

1509 ਭੱਜੇ ਜਾਂਦਿਆਂ ਕਰ ਨਿਸ਼ਾਨ ਉਚਾ, ਘੋੜੇ ਆਪਣੇ ਲਏ ਨੇ ਮੋੜ ਸਿੰਘਾਂ।
ਬੰਦਾ ਸਿੰਘ ਮੈਦਾਨ ਦੇ ਵਿਚ ਗੱਜੇ, ਦਲ ਆਪਣੇ ਲਏ ਨੇ ਜੋੜ ਸਿੰਘਾਂ।
ਗੁੱਸੇ ਨਾਲ ਦਵੱਲਿਉਂ ਧੂਹ ਤੇਗਾਂ, ਹੱਲਾ ਬੋਲਿਆ ਤਾਂਬੜ ਤੋੜ ਸਿੰਘਾਂ।
ਹਰਚੰਦ ਸਿੰਘਾ ਘੇਰੇ ਦੇ ਵਿਚ ਲੈ ਕੇ, ਖੂਨ ਦਿੱਤਾ ਉਥੇ ਨਚੋੜ ਸਿੰਘਾਂ॥

1510 ਬਾਜ ਸਿੰਘ ਘੋੜੇ ਨੂੰ ਮਾਰ ਅੱਡੀ, ਨੇੜੇ ਸ਼ੰਮਸ ਖਾਂ ਦੇ ਜਾਂਵਦਾ ਏ।
ਫ਼ਤਹਿ ਸਿੰਘ ਵੀ ਗੱਭਰੂ ਲੈ ਆਪਣੇ, ਬਾਜ ਸਿੰਘ ਦੇ ਮਗਰ ਹੀ ਆਂਵਦਾ ਏ।
ਖ਼ਾਨਾ ਹੋ ਤਿਆਰ ਮੈਂ ਆ ਗਿਆ ਹਾਂ, ਟਿੱਲ ਖਾਂਨ ਵੀ ਆਪਣੀ ਲਾਂਵਦਾ ਏ।
ਹਰਚੰਦ ਸਿੰਘਾ ਖਿਚ ਕੇ ਤੇਜ ਨੇਜਾ, ਬਾਜ ਸਿੰਘ ਦੇ ਵੱਲ ਚਲਾਂਵਦਾ ਏ॥

1511 ਬਾਜ ਸਿੰਘ ਨੇ ਉਸ ਦਾ ਬੋਚ ਨੇਜਾ, ਮੁੜ ਉਸਦੇ ਵਿੰਨ੍ਹ ਕੇ ਮਾਰਿਆ ਏ।
ਫੱਟ ਖਾ ਸ਼ੰਮਸ ਨੇ ਤੇਗ ਧੂਹੀ, ਬਾਜ ਸਿੰਘ ਨੂੰ ਮੁੜ ਲਲਕਾਰਿਆ ਏ।
ਬਾਜ ਸਿੰਘ ਨੇ ਹਰਖ ਕੇ ਤੇਗ ਮਾਰੀ, ਖੱਬੇ ਮੋਢੇ ਤੇ ਟੱਕ ਉਤਾਰਿਆ ਏ।
ਹਰਚੰਦ ਸਿੰਘਾ ਖਾਂਨ ਦੁਫਾੜ ਕਰਕੇ, ਧੜ ਧਰਤੀ ਉਤੇ ਖਿਲਾਰਿਆ ਏ॥

*(ਬਾਕੀ ਅਗਲ ਅੰਕ ਵਿਚ)*

49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਜੰਮਪਲ ਜੱਟ ਸਿੱਖ, ਬਹੁਤ ਹੀ ਸਾਊ, ਨਸ਼ਿਆਂ ਤੋਂ ਰਹਿਤ, ਵਧੀਆ ਜੌਬ ਕਰਦਾ ਲੜਕਾ, ਉਮਰ 37, ਕੱਦ 5'9" ਲਈ ਕੈਨੇਡੀਅਨ ਸਿਟੀਜਨ/ਪੀ.ਆਰ./ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਤਲਾਕਸ਼ੁਦਾ ਬਿਨਾਂ (ਬਿਨਾਂ ਬੱਚੇ ਤੋਂ) ਵੀ ਸੰਪਰਕ ਕਰ ਸਕਦੇ ਹਨ।ਸੰਪਰਕ : 604-901-9044

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ-604-710-7593

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ।ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।ਹੋਰ ਜਾਣਕਾਰੀ ਲਈ
ਸੰਪਰਕ ਨੰਬਰ 604-832-2564

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੰਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ।ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-347-5271

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ–
604–842–4990, +91–98550–00731 (ਸਿਰਫ ਵਟਸਐਪ)

ਕੈਨੇਡਾ ਵਿਚ ਵਿਜ਼ਟਰ ਵੀਜ਼ੇ 'ਤੇ ਰਹਿ ਰਿਹਾ ਜੱਟ ਸਿੱਖ ਮਾਨ ਲੜਕਾ, ਉਮਰ 22 ਸਾਲ, ਕੱਦ 6 ਫੁੱਟ, ਡੀਜ਼ਲ ਮਕੈਨਿਕ ਦਾ ਡਿਪਲੋਮਾ ਹੋਲਡਰ ਲਈ ਕੈਨੇਡੀਅਨ ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ। ਸਟੂਡੈਂਟ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ।
ਸੰਪਰਕ ਕਰੋ: 778-361-2200

### ਲੜਕੇ ਦੀ ਲੋੜ

ਜੱਟ ਸਿੱਖ ਕਨੇਡੀਅਨ ਸਿਟੀਜ਼ਨ R.N. ਹੌਸਪੀਟਲ ਵਿੱਚ ਜੌਬ ਕਰਦੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 6 ਇੰਚ, ਇਨੋਸੈਂਟਲੀ ਡਿਵੋਰਸੀ ਲਈ ਲੋਅਰ ਮੇਨਲੈਂਡ ਰਹਿੰਦੇ ਪੀ.ਆਰ. ਵੈਲ ਸੈਟਲ ਲੜਕੇ ਦੀ ਲੋੜ ਹੈ।
Contact: 604-897-1298,
Whatsapp Number: 99-156-52029

## MATRIMONIALS

### ਲੜਕੇ ਦੀ ਲੋੜ

ਸਿੱਖ ਬਰਾੜ ਕੈਨੇਡੀਅਨ ਪੀ ਆਰ, ਉਮਰ 28 ਸਾਲ, ਕੱਦ ਪੰਜ ਫੁੱਟ ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ।ਮਾਲਵਾ ਖੇਤਰ ਨੂੰ ਪਹਿਲ।ਚਾਹਵਾਨ ਸੰਪਰਕ ਕਰੋ-
ਫੋਨ ਨੰਬਰ 91-77105-45805 (ਵੈਟਸਐਪ)

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994,ਕੱਦ 5 ਫੁੱਟ 3 ਇੰਚ, BCIT ਤੋਂ 2 YEARS IT DIPLOMA Holder, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। Recent Photo And Ibodata ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ :
778-801-9037 talwanid@hotmial.ca

### ਲੜਕੀ ਦੀ ਲੋੜ

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੂਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆਂ ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ।ਲੜਕੇ ਦੀਆਂ ਦੋ ਭੈਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 77837 89444

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੇਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ।ਅੱਜ ਹੀ ਸੰਪਰਕ 604-307-7008

ਸਟੋਰ ਤੇ ਕੰਮ ਕਰਨ ਲਈ ਲੜਕੀਆ ਦੀ ਲੋੜ ਹੈ। ਵਧੀਆ ਤਨਖਾਹ ਦੀਤੀ ਜਾਵੇਗੀ। ਹੋਰ ਜਾਣਕਾਰੀ ਲਈ ਸੁੰਪਰਕ ਕਰੋ 604-339-2389

## BUSINESS FOR SALE

ਮਾਲਕ ਦੇ ਰਿਟਾਇਰ ਹੋਣ ਕਰਕੇ ਚੰਗੀ ਤਰ੍ਹਾਂ ਸਥਾਪਿਤ Concrete Breaking ਅਤੇ Coring ਦਾ ਬਿਜ਼ਨਸ ਵਿਕਾਊ ਹੈ।ਅਸੀਂ ਤੁਹਾਨੂੰ ਟਰੇਨਿੰਗ ਵੀ ਦੇਵਾਂਗੇ।ਚੰਗੇ ਪੈਸੇ ਬਣਾਉਣ ਵਾਲੇ ਇਸ ਬਿਜ਼ਨਸ ਦੀ ਬਹੁਤ ਹੀ ਮੰਗ ਹੈ।
ਸੰਪਰਕ ਕਰੋ: 604-250-7893

## EMPLOYMENTS

### ਵਰਕਰਾਂ ਦੀ ਲੋੜ

S K Farming ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜ਼ਰਬੇ ਦੀ ਕੋਈ ਲੋੜ ਨਹੀਂ । ਕੰਮ ਰਿਚਮੰਡ ਵਿਚ ਹੈ।ਸਰੀ ਤੋਂ ਰਾਈਡ ਦਾ ਪ੍ਰੰਬਧ ਹੈ।ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 ਤੇ ਸੰਪਰਕ ਕਰੋ।

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ.ਜ਼ੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚਲੇਗਾ ।ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ । ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਾਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ- ਚਰਨਜੀਤ ਕੌਰ 604-309-8705

### ਵਰਕਰਾਂ ਦੀ ਲੋੜ

ਫਾਸਟ ਡਾਰਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਅੱਜ ਹੀ ਸੰਪਰਕ ਕਰੋ-
ਸਾਹਿਬ ਸਿੰਘ 778-863-9000

### ਬੇਬੀ ਸਿਟਰ ਦੀ ਲੋੜ

ਗਿਲਡਫੋਡ ਏਰੀਆ 'ਚ ਜਾਂ ਤੁਹਾਡੀ ਜਗ੍ਹਾ 'ਤੇ ਮਹੀਨੇ ਦੇ ਕੁਝ ਦਿਨਾਂ ਵਾਸਤੇ ਸ਼ਾਮ 5 ਤੋਂ 9 ਵਜੇ ਤੱਕ ਪੰਜਾਬੀ ਬੇਬੀ ਸਿਟਰ ਦੀ ਲੋੜ ਹੈ। ਸਾਡੀ 4 ਸਾਲ ਦੀ ਕੁੜੀ ਅਤੇ 2 ਸਾਲ ਦਾ ਮੁੰਡਾ ਹੈ ਜੋ ਕਿ ਐਕਟਿਵ ਅਤੇ ਮਿਲਾਪੜੇ ਹਨ। ਪੈਸਿਆਂ ਲਈ ਗੱਲਬਾਤ ਕਰ ਸਕਦੇ ਹਾਂ। ਸੰਪਰਕ ਰਾਜਦੀਪ: 604–808–2579

## EMPLOYMENTS

### ਡਿਲਵਰੀ ਪਰਸਨ ਦੀ ਲੋੜ

ਬਰਨਬੀ ਵਿੱਚ ਸਥਿਤ ਇੰਡੀਅਨਲਾਈਫ ਫੂਡ ਕਾਰਪੋਰੇਸ਼ਨ ਵਾਲਿਆਂ ਨੂੰ ਫੁੱਲ-ਟਾਈਮ ਡਿਲੀਵਰੀ ਵਿਅਕਤੀ ਦੀ ਜ਼ਰੂਰਤ ਹੈ। ਊਰਜਾਵਾਨ, ਮਿਹਨਤੀ, ਉਤਸ਼ਾਹੀ ਅਤੇ ਟੀਮ ਪਲੇਅਰ ਹੋਵੇ। ਕਲਾਸ 5 ਦਾ ਡਰਾਈਵਰ ਲਾਇਸੰਸ ਅਤੇ ਸਾਫ ਡਰਾਈਵਿੰਗ ਦਾ ਰਿਕਾਰਡ ਹੋਣਾ ਲਾਜ਼ਮੀ ਅੰਗਰੇਜ਼ੀ ਵਿੱਚ ਗਲਬਾਤ ਕਰਨ ਦੇ ਯੋਗ ਹੋਣਾ ਚਾਹੀਦਾ ਹੈ।ਅਪਲਾਈ ਕਰਨ ਸਮੇਂ ਕ੍ਰਿਪਾ ਕਰਕੇ ਅਪਣੇ ਡਰਾਈਵਰ ਐਬਸਟਰੈਕਟ ਦੀ ਇੱਕ ਕਾਪੀ ਲਿਆਊ। ਹੋਰ ਜਾਣਕਾਰੀ ਲਈ ਸੰਪਰਕ ਕਰੋ 604-298-5000
ap 23

### ਦੀਵਾਲੀ ਗਿਆਨ

# ਜੀਵਨ ਪੰਧ ਨੂੰ ਸਦਾ ਸੁਆਰ ਬੰਦੇ

ਗਿਆਨ ਸਿੰਘ ਕੋਟਲੀ, ਵੈਨਕੂਵਰ

ਮੱਸਿਆ ਰਾਤ 'ਚ ਰਾਜ ਹੈ ਬੱਤੀਆਂ ਦਾ,
ਕਹਿੰਦੇ ਰਾਤ ਦੀਵਾਲੀ ਦੀ ਆਈ ਹੋਈ ਏ।
ਥਾਂ-ਥਾਂ ਰੌਸ਼ਨੀ ਜੱਗਮੱਗ ਹੈ ਬਹੁਤ ਰੰਗੀ
ਨਾਲੇ ਦੀਵੇ ਵੀ ਝਲਕ ਦਿਖਾਈ ਹੋਈ ਏ।
ਕਿਧਰੇ ਫੜ ਫੜ ਏ ਭੂੰਡਾਂ ਪਟਾਕਿਆਂ ਦੀ,
ਕਿਧਰੇ ਬੱਚਿਆਂ ਧੂਮ ਮਚਾਈ ਹੋਈ ਏ।
ਲੱਗਦਾ ਭੇਦ ਸਭ ਮੇਟ ਗੁਆਂਢੀਆਂ ਨੇ,
ਗਲਵਕੜੀ ਸਭ ਨੂੰ ਘੁੱਟ ਕੇ ਪਾਈ ਹੋਈ ਏ।

ਛੱਡ ਕਪਟ ਅਗਿਆਨਤਾ ਰਸਮ ਝਗੜੇ,
ਸਿਰਜ ਸੁੱਖਾਂ ਦਾ ਸੁਹਣਾ ਸੰਸਾਰ ਬੰਦੇ।
ਲੈ ਕੇ ਸੁਹਣੀ ਦੀਵਾਲੀ ਦਾ ਗਿਆਨ ਮੰਤਵ
ਜੀਵਨ ਪੰਧ ਨੂੰ ਸਦਾ ਸੁਆਰ ਬੰਦੇ।
ਬਦੀ ਉੱਤੇ ਸਚਾਈ ਦੀ ਜਿੱਤ ਕਰਨੀ,
ਸਬਕ ਦਿਲਾਂ ਨੂੰ ਇਹੀ ਸਿਖਾਲਣਾ ਹੈ।
ਦੱਸਿਆ ਸੀ ਜੋ ਛੇਵੇਂ ਪਾਤਸ਼ਾਹ ਜੀ ਨੇ
'ਬੰਦੀਛੋੜ' ਦਾ ਬਿਰਦ ਉਹ ਪਾਲਣਾ ਹੈ।
ਰਾਵਣ ਰਾਮ ਦੀ ਕਥਾ ਨੂੰ ਸਾਂਭ ਹਿਰਦੇ,
ਜੀਵਨ ਸੱਚੀ ਕੁਠਾਲੀ 'ਚ ਢਾਲਣਾ ਹੈ।
ਛੱਡ ਕਪਟ ਅਗਿਆਨ ਹਨ੍ਹੇਰ ਧੰਦਾ
ਦੀਵਾ ਗਿਆਨ ਦਾ ਦਿਲਾਂ 'ਚ ਬਾਲਣਾ ਹੈ।

ਵਹਿਮ ਭਰਮ ਭੁਲੇਖੇ ਸਭ ਦੂਰ ਕਰ ਕੇ
ਸਭ ਥਾਂ ਗੁਣ 'ਤੇ ਗਿਆਨ ਪਸਾਰ ਬੰਦੇ।
ਲੈ ਕੇ ਸੁਹਣੀ ਦੀਵਾਲੀ ਦਾ ਗਿਆਨ
ਮੰਤਵ ਜੀਵਨ ਪੰਧ ਨੂੰ ਸਦਾ ਸੁਆਰ ਬੰਦੇ।
ਲੋਕੀਂ ਭਾਲਦੇ ਸ਼ਾਂਤੀ ਅਮਨ ਖੁਸ਼ੀਆਂ
ਸਭ ਦਾ ਸੁਪਨਾ ਇਹ ਕਰ ਸਾਕਾਰ ਦੱਸੋ।
ਫੜ ਕੇ ਹੱਥ ਗਿਆਨ ਪਰਕਾਸ਼ ਟੋਹਣੀ
ਰਸਮੀ ਨ੍ਹੇਰ 'ਚੋਂ ਅਸਲ ਨਿਤਾਰ ਦੱਸੋ।
ਭੁੱਖੇ ਲੋਕ ਨਾ ਨਾਅਰਿਆਂ ਨਾਲ ਰੱਜਣੇ
ਦੇ ਕੇ ਸਭਨਾਂ ਨੂੰ ਰੱਜਵਾਂ ਰੁਜ਼ਗਾਰ ਦੱਸੋ।
ਛੱਡ ਕੇ ਬੰਬ ਬਰੂਦ ਤੇ ਹਮਲਿਆਂ ਨੂੰ
ਰਚ ਕੇ ਰਹਿਣ ਲਈ ਸੁਖੀ ਸੰਸਾਰ ਦੱਸੋ।
ਮਾਣਸ ਜਾਤ ਨੂੰ ਇਕੋ ਹੀ ਜਾਣ ਕੇ ਤੇ
ਜੱਗ ਤੇ ਸੁਖਾਂ ਦਾ ਮਹਿਲ ਉਸਾਰ ਬੰਦੇ।
ਲੈ ਕੇ ਸੁਹਣੀ ਦੀਵਾਲੀ ਦਾ ਗਿਆਨ
ਜੀਵਨ ਪੰਧ ਨੂੰ ਸਦਾ ਸੁਆਰ ਬੰਦੇ।

# ਕੰਸਟੇਬਲ ਸ਼ੈਲਿਨ ਯਾਂਗ ਨੂੰ ਚਾਕੂ ਮਾਰ ਕੇ ਮਾਰਨ ਵਾਲੇ ਸ਼ੱਕੀ ਖਿਲਾਫ ਫਸਟ ਡਿਗਰੀ ਕਤਲ ਦਾ ਦੋਸ਼

ਸਰੀ-ਆਰਸੀਐਮਪੀ ਦੇ ਕੰਸਟੇਬਲ ਸ਼ੇਲਿਨ ਯਾਂਗ ਨੂੰ ਚਾਕੂ ਮਾਰ ਕੇ ਕਤਲ ਕਰਨ ਦੇ ਦੋਸ਼ ਵਿਚ ਸ਼ੱਕੀ ਵਿਅਕਤੀ ਖਿਲਾਫ ਫਸਟ ਡਿਗਰੀ ਕਤਲ ਦੇ ਦੋਸ਼ ਲਗਾਏ ਗਏ ਹਨ। ਕੰਸਟੇਬਲ ਸ਼ੇਲਿਨ 'ਤੇ ਮੰਗਲਵਾਰ ਸਵੇਰੇ ਚਾਕੂ ਨਾਲ ਜਾਨਲੇਵਾ ਹਮਲਾ ਕੀਤਾ ਗਿਆ ਸੀ ਜਦੋਂ ਉਹ ਬਰੌਡਵਿਊ ਪਾਰਕ ਵਿਖੇ ਇਕ ਤੰਬੂ ਵਿਚ ਰਹਿ ਰਹੇ ਵਿਅਕਤੀ ਦੀ ਜਾਂਚ ਲਈ ਪਾਰਕ ਮੁਲਾਜ਼ਮ ਦੀ ਮਦਦ ਕਰ ਰਹੀ ਸੀ। ਇੰਡੀਪੈਂਡੈਂਟ ਇਨਵੈਸਟੀਗੇਸ਼ਨ ਆਫਿਸ ਜਿਹੜਾ ਪੁਲਿਸ ਦੀ ਸ਼ਮੂਲੀਅਤ ਵਾਲੀਆਂ ਮੌਤਾਂ ਜਾਂ ਜ਼ਖ਼ਮੀ ਹੋਣ ਦੀ ਜਾਂਚ ਕਰਦਾ ਹੈ ਨੇ ਕਿਹਾ ਕਿ ਯਾਂਗ ਨੇ ਮਰਨ ਤੋਂ ਪਹਿਲਾਂ ਵਿਅਕਤੀ ਨੂੰ ਗੋਲੀ ਮਾਰ ਦਿੱਤੀ ਸੀ। ਉਸ ਨੂੰ ਹਸਪਤਾਲ ਲਿਜਾਇਆ ਗਿਆ ਸੀ ਅਤੇ ਉਸ ਦੇ ਜਿਉਂਦਾ ਬਚ ਜਾਣ ਦੀ ਆਸ ਹੈ। ਬੀਸੀ ਪ੍ਰੌਸੀਕਿਊਸ਼ਨ ਸਰਵਿਸ ਨੇ ਕਿਹਾ ਕਿ ਜੌਂਗਵਨ ਹੋਮ ਖਿਲਾਫ ਫਸਟ ਡਿਗਰੀ ਕਤਲ ਦੇ ਦੋਸ਼ ਲਗਾਏ ਗਏ ਹਨ। ਅਦਾਲਤੀ ਰਿਕਾਰਡ ਤੋਂ ਪਤਾ ਲਗਦਾ ਹੈ ਕਿ 37 ਸਾਲਾ ਹੋਮ 17 ਮਾਰਚ ਨੂੰ ਵੈਨਕੂਵਰ ਵਿਚ ਇਕ ਘਟਨਾ ਨਾਲ ਸਬੰਧਤ ਹਮਲੇ ਦੇ ਦੋਸ਼ਾਂ ਦਾ ਸਾਹਮਣਾ ਵੀ ਕਰ ਰਿਹਾ ਹੈ। ਉਸ ਦੀ ਗ੍ਰਿਫ਼ਤਾਰੀ ਲਈ ਵਾਰੰਟ ਜਾਰੀ ਕੀਤੇ ਗਏ ਸਨ।

# ਸਰੀ ਫਸਟ ਐਜੂਕੇਸ਼ਨ ਨੇ ਸਰੀ ਸਕੂਲ ਟਰੱਸਟੀ ਚੋਣਾਂ ਵਿਚ ਇਕ ਵਾਰ ਫਿਰ ਹੂੰਝਾ ਫੇਰ ਜਿੱਤ ਹਾਸਲ ਕੀਤੀ

ਸਰੀ-ਲਗਦਾ ਹੈ ਕਿ ਸਰੀ ਦੇ ਵੋਟਰ ਪਿਛਲੇ ਚਾਰ ਸਾਲਾਂ ਵਿਚ ਇਸ ਦੇ ਸਕੂਲ ਟਰੱਸਟੀਆਂ ਵਲੋਂ ਕੀਤੇ ਕੰਮ ਤੋਂ ਖੁਸ਼ ਲਗਦੇ ਹਨ ਅਤੇ ਉਨ੍ਹਾਂ ਨੇ ਮੁੜ ਸਰੀ ਫਸਟ ਐਜੂਕੇਸ਼ਨ ਸਲੇਟ ਦੇ ਸਾਰੇ 6 ਮੈਂਬਰਾਂ ਨੂੰ ਦੁਬਾਰਾ ਚੁਣ ਲਿਆ ਹੈ। ਸੱਤਵਾਂ ਸਕੂਲ ਟਰੱਸਟੀ ਲੌਰੇ ਮੈਕਨਲੀ ਜੋ ਵਾਈਟ ਰੌਕ ਦੀ ਪ੍ਰਤੀਨਿਧਤਾ ਕਰਦਾ ਹੈ ਬਿਨ੍ਹਾਂ ਵਿਰੋਧ ਵਾਪਸ ਚੁਣ ਲਿਆ ਜਾਵੇਗਾ। ਸਭ ਤੋਂ ਵੱਧ ਵੋਟਾਂ ਟੈਰੀ ਐਲਨ, ਲੌਰੀ ਲਾਰਸਨ ਅਤੇ ਗੈਰੀ ਥਿੰਦ ਨੂੰ ਮਿਲੀਆਂ ਅਤੇ ਇਸ ਪਿੱਛੋਂ ਬੌਬ ਹੋਮਸ, ਸ਼ਾਵਨ ਵਿਲਸਨ ਤੇ ਗੈਰੀ ਟਾਇਮੋਸਚੁਕ ਵੋਟਾਂ ਪ੍ਰਾਪਤ ਕਰਨ ਵਿਚ ਕ੍ਰਮਵਾਰ ਚੌਥੇ, ਪੰਜਵੇਂ ਤੇ ਛੇਵੇਂ ਸਥਾਨ 'ਤੇ ਰਹੇ। 6 ਸਕੂਲ ਟਰੱਸਟੀ ਅਹੁਦਿਆਂ ਲਈ 20 ਉਮੀਦਵਾਰ ਚੋਣ ਮੈਦਾਨ ਵਿਚ ਸਨ।

## ਦੀਵਾਲੀ



ਚਾਅ, ਗੀਤਾਂ ਤੇ ਖੁਸ਼ੀਆਂ ਵੰਡਦੀ
ਆਉਂਦੀ ਏ ਦੀਵਾਲੀ।
ਸ਼ਾਲਾ ਸਭ ਲਈ ਖੈਰਾਂ ਮੰਗੀਏ
ਬਣ ਕੇ ਆਪ ਸਵਾਲੀ।
ਕੜਵਾਹਟਾਂ ਨੂੰ ਛੱਡ ਕੇ ਪਾਈਏ
ਸਾਂਝਾਂ ਦੀ ਕੋਈ ਬਾਤ,
ਬੇਸ਼ਕੀਮਤੀ ਇਹ ਮੌਕੇ ਕਿਤੇ
ਲੰਘ ਨਾ ਜਾਵਣ ਖਾਲੀ।

ਡਾ. ਆਤਮਾ ਸਿੰਘ ਗਿੱਲ
9878883680

# ਐਨਡੀਪੀ ਲੀਡਰਸ਼ਿਪ ਦੌੜ ਤੋਂ ਅਯੋਗ ਕਰਾਰ ਦੇਣ ਦੇ ਬਾਵਜੂਦ ਅੰਜਲੀ ਅੱਪਾਦੁਰਾਈ ਲੜਾਈ ਤੋਂ ਪਿੱਛੇ ਨਹੀਂ ਹਟੇਗੀ

ਵਿਕਟੋਰੀਆ-ਚੌਗਿਰਦਾ ਪ੍ਰੇਮੀ ਗਰੁੱਪ ਡੌਗਵੁੱਡ ਬੀਸੀ ਦੇ ਪ੍ਰਤੀਨਿਧਾਂ ਨਾਲ ਜ਼ੂਮ ਕਾਲ ਵਿਚ ਹਿੱਸਾ ਲੈਣ ਸਮੇਂ ਅੰਜਲੀ ਅੱਪਾਦੁਰਾਈ ਬੀਸੀ ਐਨਡੀਪੀ ਲੀਡਰਸ਼ਿਪ ਲਈ ਡੇਵਿਡ ਈਬੀ ਨੂੰ ਚੁਣੌਤੀ ਦੇਣ ਲਈ ਸਹਿਮਤ ਹੋ ਗਈ। ਇਸ ਗਰੁੱਪ ਨੇ ਉਸ ਦੀ ਤਰਫੋਂ ਨਵੇਂ ਹਜ਼ਾਰਾਂ ਪਾਰਟੀ ਮੈਂਬਰਾਂ ਨੂੰ ਸ਼ਾਮਿਲ ਕਰਨ ਲਈ ਆਪਣੇ ਸਾਧਨ ਵਰਤਣ ਦਾ ਵਾਅਦਾ ਕੀਤਾ ਹੈ। ਐਨਡੀਪੀ ਚੀਫ ਇਲੈਕਟਰੋਲ ਅਫਸਰ ਐਲਿਜ਼ਾਬੈਥ ਕੁਲ ਨੇ ਅੱਪਾਦੁਰਾਈ ਨੂੰ ਤੀਜੀ ਧਿਰ ਨਾਲ ਸਹਿਯੋਗ ਕਰਨ ਅਤੇ ਆਪਣੀ ਉਮੀਦਵਾਰੀ ਦੀ ਸ਼ੁਰੂਆਤ ਤੋਂ ਗਲਤ ਪ੍ਰਚਾਰ ਯੋਗਦਾਨਾਂ ਤੋਂ ਲਾਭ ਲੈਣ ਦੇ ਦੋਸ਼ਾਂ ਕਾਰਨ ਅਯੋਗ ਕਰਾਰ ਦੇਣ ਦੀ ਸਿਫਾਰਸ਼ ਕੀਤੀ ਹੈ। ਕੁਲ ਵਲੋਂ 32 ਸਾਲਾ ਪੌਣਪਾਣੀ ਕਾਰਕੁਨ ਅੱਪਾਦੁਰਾਈ ਨੂੰ ਲੀਡਰਸ਼ਿਪ ਦੌੜ ਤੋਂ ਅਯੋਗ ਕਰਾਰ ਦੇਣ ਦੀ ਸਿਫਾਰਸ਼ ਖਿਲਾਫ ਉਸਨੇ ਲੜਾਈ ਲੜਨ ਦਾ ਫ਼ੈਸਲਾ ਕੀਤਾ ਹੈ। ਅੰਜਲੀ ਅੱਪਾਦੁਰਾਈ ਆਖਦੀ ਹੈ ਕਿ ਉਸ ਦੀ ਮੁਹਿੰਮ ਨਿਯਮਾਂ ਦੀ ਪਾਲਣਾ ਕਰਦੀ ਹੈ ਅਤੇ ਕੁਲ ਸਥਾਪਤ ਉਮੀਦਵਾਰ ਨੂੰ ਉਸ ਦੀ ਚੁਣੌਤੀ ਰੋਕਣ ਲਈ ਪੂਰਵ ਨਿਰਧਾਰਤ ਸਿੱਟਾ ਕੱਢ ਰਹੀ ਹੈ। ਉਸ ਨੇ ਕਾਨੂੰਨੀ ਚੁਣੌਤੀ ਦੀ ਸੰਭਾਵਨਾ ਵੀ ਰੱਦ ਨਹੀਂ ਕੀਤੀ।

NORTHCOAST LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks


14682 - 66th Ave, Surrey, BC, V3S 1Z9
Fax: 604-597-0854
www.lumber1.ca/contractor

METRO CONTRACTING LTD.
Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract


Residential & Commercial
Gurvinder Sanghera: 604-729-1435
Email: gsanghera77@gmail.com

# AKALI SINGH GURDWARA

## Diwali Greetings To All

## ਬੰਦੀ ਛੋੜ ਦਿਵਸ ਅਤੇ ਦੀਵਾਲੀ ਦੀ ਆਪ ਸਭ ਨੂੰ ਲੱਖ-ਲੱਖ ਵਧਾਈ ਹੋਵੇ

**GURUDWARA PRABANDHAK COMMITTEE**

**Tel:604-254-2117**

**Fax: 604-254-5309**




ਆਪ ਸਭ ਨੂੰ ਦੀਵਾਲੀ ਦੀ ਵਧਾਈ ਹੋਵੇ ਜੀ
Apna Concrete
PUMPING & PLACING LTD.
• Exposed
• Broom Finishing
• Smooth Finishing
• Stamped Concrete
Everything To Meet Your Pumping Needs
Serving The Entire Lower Mainland
APNA CONCRETE
CALL: PARAMJIT NIJJAR
C: 604-889-1657 / 604-338-3515
P: 604-502-9018

# ਇਸ ਸਾਲ ਤਿੰਨ ਲੱਖ ਲੋਕਾਂ ਨੂੰ ਸਿਟੀਜ਼ਨਸ਼ਿਪ ਦੇਵੇਗਾ ਕੈਨੇਡਾ

ਵੈਨਕੂਵਰ ( ਹਰਦਮ ਮਾਨ)-ਕੈਨੇਡਾ ਨੇ ਵਿੱਤੀ ਵਰ੍ਹੇ 2022-23 'ਚ ਤਿੰਨ ਲੱਖ ਲੋਕਾਂ ਨੂੰ ਮੁਲਕ ਦੀ ਨਾਗਰਿਕਤਾ ਦੇਣ ਦਾ ਟੀਚਾ ਰੱਖਿਆ ਹੈ। ਕੈਨੇਡਾ ਦੇ ਇਸ ਕਦਮ ਨਾਲ ਬਹੁਤੇ ਭਾਰਤੀਆਂ ਨੂੰ ਲਾਭ ਹੋਣ ਦੀ ਸੰਭਾਵਨਾ ਹੈ। ਇਮੀਗਰੇਸ਼ਨ, ਰਫਿਊਜੀ ਅਤੇ ਸਿਟੀਜ਼ਨਸ਼ਿਪ ਕੈਨੇਡਾ (ਆਈਆਰਸੀਸੀ) ਨੇ ਕਿਹਾ ਹੈ ਕਿ ਉਨ੍ਹਾਂ ਕੁੱਲ 2,85,000 ਅਰਜ਼ੀਆਂ ਦਾ ਅਮਲ ਆਰੰਭਿਆ ਹੈ ਅਤੇ 31 ਮਾਰਚ, 2023 ਤੱਕ ਤਿੰਨ ਲੱਖ ਹੋਰ ਲੋਕਾਂ ਨੂੰ ਨਾਗਰਿਕਤਾ ਦੇਣ ਦੀ ਸਿਫ਼ਾਰਿਸ਼ ਕੀਤੀ ਹੈ। ਵਿਭਾਗ ਨੇ ਇਹ ਵੀ ਕਿਹਾ ਕਿ 18 ਸਾਲ ਤੋਂ ਘੱਟ ਉਮਰ ਦੇ ਨੌਜਵਾਨ ਨਾਗਰਿਕਤਾ ਲਈ ਸਾਲ ਦੇ ਅਖੀਰ 'ਚ ਆਨਲਾਈਨ ਅਪਲਾਈ ਕਰਨ ਦੇ ਯੋਗ ਹੋਣਗੇ। ਪਿਛਲੇ ਵਿੱਤੀ ਵਰ੍ਹੇ 2021-22 ਨਾਲੋਂ ਇਹ ਗਿਣਤੀ ਬਹੁਤ ਜ਼ਿਆਦਾ ਹੈ। ਕਰੋਨਾ ਮਹਾਂਮਾਰੀ ਤੋਂ ਪਹਿਲਾਂ 2019-20 ਦੇ ਟੀਚਿਆਂ ਨਾਲੋਂ ਵੀ ਇਹ ਵਧ ਹੈ ਜਦੋਂ 253,000 ਸਿਟੀਜ਼ਨਸ਼ਿਪ ਅਰਜ਼ੀਆਂ ਦਾ ਅਮਲ ਆਰੰਭਿਆ ਗਿਆ ਸੀ। ਮਹਾਂਮਾਰੀ ਫੈਲਣ ਕਾਰਨ ਵਿਭਾਗ ਮਾਰਚ 2020 'ਚ ਅਰਜ਼ੀਆਂ 'ਤੇ ਵਿਚਾਰ ਨਹੀਂ ਕਰ ਸਕਿਆ ਸੀ। ਮੌਜੂਦਾ ਵਿੱਤੀ ਵਰ੍ਹੇ 'ਚ ਕੈਨੇਡਾ ਨੇ 1,16,000 ਨਵੇਂ ਨਾਗਰਿਕਾਂ ਦਾ ਸਵਾਗਤ ਕੀਤਾ ਹੈ ਅਤੇ ਉਹ ਟੀਚਾ ਹਾਸਲ ਕਰਨ ਵੱਲ ਅੱਗੇ ਵਧ ਰਿਹਾ ਹੈ। ਇਸੇ ਵਕਫ਼ੇ ਦੌਰਾਨ 2021 'ਚ ਸਿਰਫ਼ 35 ਹਜ਼ਾਰ ਲੋਕਾਂ ਨੂੰ ਨਾਗਰਿਕਤਾ ਦਿੱਤੀ ਗਈ ਸੀ। ਉਂਜ ਮੁਲਕਾਂ ਦੇ ਹਿਸਾਬ ਨਾਲ ਨਾਗਰਿਕਤਾ ਹਾਸਲ ਕਰਨ ਵਾਲਿਆਂ ਦਾ ਕੋਈ ਅੰਕੜਾ ਨਹੀਂ ਦਿੱਤਾ ਗਿਆ ਹੈ ਪਰ ਮੰਨਿਆ ਜਾ ਰਿਹਾ ਹੈ ਕਿ 2022 'ਚ ਬਹੁਤੇ ਭਾਰਤੀਆਂ ਨੂੰ ਇਸ ਦਾ ਲਾਭ ਮਿਲਿਆ ਹੈ। ਸਾਲ 2016 ਦੀ ਰਿਪੋਰਟ ਮੁਤਾਬਕ ਕੈਨੇਡਾ 'ਚ ਭਾਰਤੀ ਮੂਲ ਦੇ 14 ਲੱਖ ਲੋਕ ਹਨ। ਸਾਲ 2021 'ਚ ਕਰੀਬ ਇਕ ਲੱਖ ਭਾਰਤੀ ਆਰਜ਼ੀ ਵਿਦੇਸ਼ੀ ਵਰਕਰ ਪ੍ਰੋਗਰਾਮ ਤਹਿਤ ਕੈਨੇਡਾ ਗਏ ਸਨ ਅਤੇ ਕੌਮਾਂਤਰੀ ਗਤੀਸ਼ੀਲਤਾ ਪ੍ਰੋਗਰਾਮ ਤਹਿਤ 130,000 ਨੂੰ ਵਰਕ ਪਰਮਿਟ ਮਿਲੇ ਸਨ। ਸਾਲ 2021-22 ਦੌਰਾਨ 2,10,000 ਪੀਆਰਜ਼ ਨੇ ਵੀ ਕੈਨੇਡੀਅਨ ਨਾਗਰਿਕਤਾ ਹਾਸਲ ਕੀਤੀ ਸੀ। ਵਿਭਾਗ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਉਨ੍ਹਾਂ 450,000 ਸਟੱਡੀ ਪਰਮਿਟ ਅਰਜ਼ੀਆਂ ਵੀ ਜਾਰੀ ਕੀਤੀਆਂ ਸਨ। ਕੈਨੇਡਾ 'ਚ 622,000 ਤੋਂ ਜ਼ਿਆਦਾ ਵਿਦੇਸ਼ੀ ਵਿਦਿਆਰਥੀ ਹਨ ਜਿਨ੍ਹਾਂ 'ਚੋਂ ਪਿਛਲੇ ਸਾਲ 31 ਦਸੰਬਰ ਤੱਕ 217,410 ਭਾਰਤੀ ਸਨ। ਕੈਨੇਡਾ 'ਚ ਕਾਮਿਆਂ ਦੀ ਘਾਟ ਹੋਣ ਕਾਰਨ ਆਸ ਪ੍ਰਗਟਾਈ ਜਾ ਰਹੀ ਹੈ ਕਿ ਆਉਂਦੇ ਸਾਲਾਂ 'ਚ ਵੱਡੀ ਗਿਣਤੀ ਭਾਰਤੀ ਕੰਮ ਅਤੇ ਪੜ੍ਹਾਈ ਲਈ ਕੈਨੇਡਾ ਜਾਣਗੇ। ਆਈਆਰਸੀਸੀ ਦੇ ਤਾਜ਼ਾ ਅੰਕੜਿਆਂ ਮੁਤਾਬਕ ਮੁਲਕ 'ਚ ਪਰਵਾਸੀਆਂ ਦਾ ਬੈਕਲਾਗ 26 ਲੱਖ ਹੈ।

MORTGAGE
Get Interest Rates as low as
4.18%*
5 YEARS VARIABLE CLOSED
*Conditions Apply. Rates subject to change without notice. Vald till 31 Aug., 22. It is for the Principal house.
GET CASH BACK UP TO $3000*
Superior Mortgage
Unit 244-8138-128 Street, Surrey
604 507 1000
Our Symbol of Care & Service



JOSAN REBAR & DAMPPROOFING LTD.
7 ਸਾਲ ਤੋਂ ਵੱਧ ਤਜਰਬਾ
• BEAM LOG • POLY
• COMPACTING
• STYROFOAM
• FOUNDATION
• DAMPPROOFING
• WINDOW WELL
• INSULATION
• REINFORCING STEEL
• POST TENSIONING & WIRE MESH
• DRIVEWAY, SIDEWALK & GARAGE
- ਮੁਫਤ ਐਸਟੀਮੇਟ ਲਈ ਫੋਨ ਕਰੋ:
ਸੁਖਵਿੰਦਰ ਸਿੰਘ ਜੋਸਨ
604.250.1686
Email: sukhwinderjosan25@gmail.com





## ਸਿਮਰਨਜੀਤ ਸਿੰਘ ਮਾਨ ਨੂੰ ਜੰਮੂ ਕਸ਼ਮੀਰ 'ਚ ਦਾਖਲ ਹੋਣ ਤੋਂ ਰੋਕਣ ਤੇ ਅਦਾਲਤ ਦਾ ਦਰਵਾਜ਼ਾ ਖੜਕਾਇਆ

ਕਠੂਆ-ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਅਤੇ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਉਨ੍ਹਾਂ ਨੂੰ ਜੰਮੂ ਕਸ਼ਮੀਰ ਵਿੱਚ ਦਾਖ਼ਲ ਹੋਣ ਤੋਂ ਰੋਕਣ ਦੇ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਫੈਸਲੇ ਨੂੰ ਚੁਣੌਤੀ ਦਿੰਦਿਆਂ ਅਦਾਲਤ ਦਾ ਦਰਵਾਜ਼ਾ ਖੜਕਾਇਆ ਹੈ। ਕਠੂਆ ਦੇ ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਵੱਲੋਂ ਪਟੀਸ਼ਨ 'ਤੇ ਸੁਣਵਾਈ 14 ਨਵੰਬਰ ਨੂੰ ਕੀਤੀ ਜਾਵੇਗੀ। ਸ੍ਰੀ ਮਾਨ, ਜੋ ਪ੍ਰਸ਼ਾਸਨ ਦੇ ਫ਼ੈਸਲੇ ਖਿ ?ਲਾਫ਼ ਲਗਾਤਾਰ ਤਿੰਨ ਰਾਤਾਂ ਤੋਂ ਲਖਨਪੁਰ 'ਚ ਧਰਨੇ 'ਤੇ ਬੈਠੇ ਸਨ, ਦੇਰ ਰਾਤ ਪੰਜਾਬ ਪਰਤ ਗਏ। ਮਾਨ ਨੂੰ ਕਠੂਆ ਦੇ ਜ਼ਿਲ੍ਹਾ ਮੈਜਿਸਟਰੇਟ ਰਾਹੁਲ ਪਾਂਡੇ ਦੇ ਹੁਕਮਾਂ 'ਤੇ ਰੋਕਿਆ ਗਿਆ ਸੀ, ਜਿਸ ਦੇ ਵਿਰੋਧ ਵਿੱਚ ਉਨ੍ਹਾਂ ਆਪਣੇ ਸਮਰਥਕਾਂ ਨਾਲ ਪ੍ਰਦਰਸ਼ਨ ਕੀਤਾ। ਪਾਂਡੇ ਨੇ ਧਾਰਾ 144 ਤਹਿਤ ਜਾਰੀ ਹੁਕਮਾਂ 'ਚ ਕਿਹਾ ਕਿ ਐੱਸਐੱਸਪੀ ਵੱਲੋਂ ਉਨ੍ਹਾਂ ਦੇ ਧਿਆਨ 'ਚ ਲਿਆਂਦਾ ਗਿਆ ਸੀ ਕਿ ਸ੍ਰੀ ਮਾਨ ਨੇ ਜੰਮੂ ਕਸ਼ਮੀਰ 'ਚ ਦਾਖ਼ਲ ਹੋਣਾ ਸੀ ਅਤੇ ਉਨ੍ਹਾਂ ਦੇ ਦੌਰੇ ਨਾਲ ਅਸ਼ਾਂਤੀ ਦਾ ਮਾਹੌਲ ਪੈਦਾ ਹੋਣ ਦੀ ਸੰਭਾਵਨਾ ਸੀ। ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਨੇ ਕਠੂਆ ਦੇ ਚੀਫ਼ ਜੁਡੀਸ਼ਲ ਮੈਜਿਸਟਰੇਟ ਦੀ ਅਦਾਲਤ 'ਚ ਵਕੀਲ ਟੀ ਐੱਨ ਗੁਪਤਾ ਰਾਹੀਂ ਪਟੀਸ਼ਨ ਦਾਖ਼ਲ ਕੀਤੀ ਹੈ। ਸ੍ਰੀ ਗੁਪਤਾ ਨੇ ਕਿਹਾ ਕਿ ਸ੍ਰੀ ਮਾਨ ਨੂੰ ਕੁਝ ਦਿਨ ਪਹਿਲਾਂ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਦੌਰੇ ਦੀ ਪ੍ਰਵਾਨਗੀ ਦੇ ਦਿੱਤੀ ਗਈ ਸੀ। 'ਕਠੂਆ ਦੇ ਵਧੀਕ ਡਿਪਟੀ ਕਮਿਸ਼ਨਰ ਵੱਲੋਂ ਤੈਅ ਦੌਰੇ ਮੁਤਾਬਕ ਉਹ 17 ਅਕਤੂਬਰ ਨੂੰ ਜੰਮੂ ਕਸ਼ਮੀਰ ਲਈ ਰਵਾਨਾ ਹੋਏ ਸਨ ਪਰ ਜਦੋਂ ਉਹ ਉਥੇ ਪਹੁੰਚੇ ਤਾਂ ਕਠੂਆ ਦੇ ਜ਼ਿਲ੍ਹਾ ਮੈਜਿਸਟਰੇਟ ਨੇ ਉਨ੍ਹਾਂ ਨੂੰ ਜੰਮੂ ਕਸ਼ਮੀਰ 'ਚ ਦਾਖ਼ਲੇ ਤੋਂ ਰੋਕਣ ਦੇ ਹੁਕਮ ਦੇ ਦਿੱਤੇ ਜਿਨ੍ਹਾਂ ਨੂੰ ਹੁਣ ਚੁਣੌਤੀ ਦਿੱਤੀ ਗਈ ਹੈ।' ਉਨ੍ਹਾਂ ਕਿਹਾ ਕਿ ਸ੍ਰੀ ਮਾਨ ਨੇ ਸੀਨੀਅਰ ਸਿਟੀਜ਼ਨ ਦੇ ਨਾਲ ਨਾਲ ਚੁਣੇ ਹੋਏ ਸੰਸਦ ਮੈਂਬਰ ਵਜੋਂ ਉਨ੍ਹਾਂ ਦੇ ਬੁਨਿਆਦੀ ਹੱਕ ਬਹਾਲ ਕਰਨ ਦੀ ਮੰਗ ਕੀਤੀ ਹੈ।

## ਪੁਲਿਤਜ਼ਰ ਐਵਾਰਡ ਜੇਤੂ ਫੋਟੋ ਜਰਨਲਿਸਟ ਮੱਟੂ ਨੂੰ ਅਮਰੀਕਾ ਜਾਣ ਤੋ ਰੋਕਿਆ

ਨਵੀਂ ਦਿੱਲੀ (ਦਿਓਲ)-ਪੁਲਿਤਜ਼ਰ ਜੇਤੂ ਕਸ਼ਮੀਰੀ ਫੋਟੋ ਜਰਨਲਿਸਟ ਸਨਾ ਇਰਸ਼ਾਦ ਮੱਟੂ ਨੇ ਕਿਹਾ ਕਿ ਵੀਜ਼ਾ ਅਤੇ ਟਿਕਟ ਹੋਣ ਦੇ ਬਾਵਜੂਦ ਉਸ ਨੂੰ ਦਿੱਲੀ ਹਵਾਈ ਅੱਡੇ 'ਤੇ ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਅਮਰੀਕਾ ਜਾਣ ਤੋਂ ਰੋਕਿਆ ਗਿਆ। 28 ਸਾਲਾ ਫੋਟੋ ਜਰਨਲਿਸਟ ਨੂੰ ਕਰੋਨਾ ਦੌਰਾਨ ਖ਼ਬਰ ਏਜੰਸੀ ਰਾਇਟਰਜ਼ ਲਈ ਕੀਤੀ ਗਈ ਕਵਰੇਜ ਵਾਸਤੇ ਪੁਲਿਤਜ਼ਰ ਐਵਾਰਡ ਦਿੱਤਾ ਗਿਆ ਸੀ। ਉਸ ਨੇ ਸੋਮਵਾਰ ਨੂੰ ਦਿੱਲੀ ਤੋਂ ਨਿਊਯਾਰਕ ਲਈ ਉਡਾਣ ਭਰਨੀ ਸੀ। ਸਨਾ ਨੇ ਟਵੀਟ ਕੀਤਾ, "ਮੈਂ ਪੁਲਿਤਜ਼ਰ ਪੁਰਸਕਾਰ ਲੈਣ ਨਿਊਯਾਰਕ ਜਾ ਰਹੀ ਸੀ ਪਰ ਮੈਨੂੰ ਦਿੱਲੀ ਹਵਾਈ ਅੱਡੇ ਦੇ ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਰੋਕ ਲਿਆ ਗਿਆ।" ਪਿਛਲੇ ਚਾਰ ਮਹੀਨਿਆਂ ਵਿੱਚ ਉਸ ਨੂੰ ਦੂਜੀ ਵਾਰ ਵਿਦੇਸ਼ ਜਾਣ ਤੋਂ ਰੋਕਿਆ ਗਿਆ ਹੈ।

### ਅਮਰੀਕਾ ਮਾਮਲੇ ਤੇ ਰੱਖ ਰਿਹਾ ਹੈ ਨਜ਼ਰ

ਅਮਰੀਕਾ ਨੇ ਕਿਹਾ ਹੈ ਕਿ ਪੁਲਿਤਜ਼ਰ ਪੁਰਸਕਾਰ ਜੇਤੂ ਕਸ਼ਮੀਰੀ ਪੱਤਰਕਾਰ ਸਨਾ ਇਰਸ਼ਾਦ ਮੱਟੂ ਨੂੰ ਕਥਿਤ ਤੌਰ ਤੇ ਦੇਸ਼ ਦੀ ਯਾਤਰਾ ਕਰਨ ਤੋਂ ਰੋਕਣ ਦੀਆਂ ਰਿਪੋਰਟਾਂ ਤੋਂ ਉਹ ਵਾਕਫ਼ ਹੈ। ਮੱਟੂ ਨੇ ਮੰਗਲਵਾਰ ਨੂੰ ਕਿਹਾ ਸੀ ਕਿ ਉਨ੍ਹਾਂ ਨੂੰ ਵੱਕਾਰੀ ਪੁਰਸਕਾਰ ਲੈਣ ਲਈ ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ (ਆਈਜੀਆਈ) ਹਵਾਈ ਅੱਡੇ @ਤੇ ਅਮਰੀਕਾ ਜਾਣ ਤੋਂ ਰੋਕ ਦਿੱਤਾ ਗਿਆ ਸੀ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਵੇਦਾਂਤ ਪਟੇਲ ਨੇ ਰੋਜ਼ਾਨਾ ਨਿਊਜ਼ ਕਾਨਫਰੰਸ ਨੂੰ ਦੱਸਿਆ, 'ਅਸੀਂ ਰਿਪੋਰਟਾਂ ਤੋਂ ਜਾਣੂ ਹਾਂ ਕਿ ਮੱਟੂ ਨੂੰ ਅਮਰੀਕਾ ਦੀ ਯਾਤਰਾ ਕਰਨ ਤੋਂ ਰੋਕਿਆ ਜਾ ਰਿਹਾ ਹੈ ਅਤੇ ਅਸੀਂ ਇਨ੍ਹਾਂ ਘਟਨਾਵਾਂ ਦੀ ਨੇੜਿਓਂ ਨਿਗਰਾਨੀ ਕਰ ਰਹੇ ਹਾਂ।'

ਸ਼ੋਰ ਸਾਈਡ ਫਿਸ਼ ਕੈਨਰੀ
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ
ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
• ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
• ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
• ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
PHONE: 604-244-1118
FAX: 604-270-3075
ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

Gold key INSURANCE

Number 1 in the Community for 25 Years.

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

TEL : 604 502 0441

ICBC Online and Delivery available.

ਪੰਜਾਬੀ
हिंदी

| | | | |
|---|---|---|---|
| SURREY | 5-8430 128TH ST. | MON-FRI | 8 AM - 8 PM |
| (604) 502 - 0441 | SURREY, BC | SATURDAY | 9 AM - 6 PM |
| FAX (604) 502-0417 | V3W 4G3 | SUNDAY | 9 AM - 5 PM |
| VANCOUVER | 4038 KNIGHT ST. | MON-FRI | 9 AM - 8 PM |
| (604) 325 - 1241 | VANCOUVER, BC | SATURDAY | 9 AM - 5 PM |
| FAX (604) 325-1414 | V5N 5Y7 | SUNDAY | 9 AM - 5 PM |

OPEN 7 DAYS

ICBC autoplan www.goldkeyinsurance.ca

**10% OFF on utensils**

**Biggest selection of diyas and utensils in town**

fruiticana hee jaana!

# Happy Diwali

# BIGGEST DIWALI TENT SALE

**EXTRA EXTRA SUPER SPECIAL**

**Yellow Medium Onions 50 lbs**
ਪੀਲੇ ਗੰਢੇ
Unbeatable Price
ਅੰਨਬੀਟਬਲ ਪ੍ਰਾਇਸ
YELLOW ONION
$13.99 bag

**EXTRA SUPER SUPER SPECIAL**

**Red Onions 25 lbs**
ਲਾਲ ਗੰਢੇ
RED ONIONS
$13.99 bag

**Jumbo Cauliflower**
ਵੱਡਾ ਗੋਬੀ ਦਾ ਫੁੱਲ
$3.49 ea.

**EXTRA SUPER SUPER SPECIAL**
**Cilantro**
ਧਨੀਆ
2 bunches for $1.49

**SUPER SPECIAL**
**BC Hot Long Chili Peppers**
ਬੀਸੀ ਕੌੜੀਆਂ ਮਿਰਚਾਂ
$1.99 lb

**SUPER SPECIAL**
**Sher Besan 4 lbs (Chana Flour)**
ਸ਼ੇਰ ਵੇਸਣ
$3.98 bag

**Indican Assam Tea 216's**
ਇੰਡੀਕੈਂਨ ਅਸਾਮ ਚਾਹ
$7.99 box

**Indian Eggplants**
ਦੇਸੀ ਬਤਾਊਂ
$1.49 lb

**SUPER SPECIAL**
**Mustard Oil 1L (Indican)**
ਇੰਡੀਕੇਨ ਸਰ੍ਹੋਂ ਦਾ ਤੇਲ
$5.99 bottle

**SUPER SPECIAL**
**Okra**
ਭਿੰਡੀ
$2.88 lb

**SUPER SPECIAL**
**Diyas (Small Plain)**
ਮਿੱਟੀ ਦੇ ਦੀਵੇ
10 for 99¢

**Hamdard Rooh Afza (Indian) 750 ml**
ਰੂਹ ਅਫਜ਼ਾ
$3.49 bottle

**Zucchini Squash**
ਜ਼ੁਕੀਨੀ ਸਕੁਐਸ਼
88¢ lb

**SUPER SPECIAL**
**Chickpeas, Chana Dal & Red Lentil Whole 4 lbs (Indican)**
ਚਿੱਟੇ ਛੋਲੇ, ਚਨੇ ਦੀ ਦਾਲ, ਮਸਰਾਂ ਦੀ ਸਾਬਤ ਦਾਲ (ਇੰਡੀਕੈਂਨ)
$3.88 bag

**Green & Red Seedless Grapes**
ਅੰਗੂਰ ਲਾਲ ਜਾਂ ਹਰੇ (ਬਿਨਾਂ ਬੀਜ ਤੋਂ)
$1.99 lb

**Almonds**
ਬਦਾਮ
$3.88 lb

**Nanak Ghee 1.6 kg**
ਨਾਨਕ ਘਿਓ
$22.99 jar

**Dabur Rose Syrup 710 ml**
ਡਾਬਰ ਗੁਲਾਬ ਰਸ
$4.99 bottle

**BC Gala Apples**
ਬੀਸੀ ਗਾਲਾ ਸੇਬ
88¢ lb

**Red, Yellow, Orange & Green Peppers**
ਸ਼ਿਮਲਾ ਮਿਰਚਾਂ (ਹਰੀਆਂ,ਲਾਲ,ਪੀਲੀਆਂ ਅਤੇ ਸੰਤਰੀ)
99¢ lb

**Russet Potatoes Snoboy 10 lbs**
ਆਲੂ ਰਸਟ ਸਨੋਬੁਆਏ
$3.88 bag

**817 Basmati Rice 8.8 lbs**
817 ਬਾਸਮਤੀ ਚੋਲ 8.8lb
$11.99 bag

**Ashoka Cut Okra Frozen 908 gms**
ਅਸ਼ੋਕਾ ਭਿੰਡੀ
$2.99 pkg.

**Red Delicious Apples USA #1**
ਲਾਲ ਸਵਾਦ ਸੇਬ ਯੂ.ਐਸ. #1
88¢ lb

**Long Eggplants**
ਲੰਬੇ ਬਤਾਊਂ
$1.49 lb

**Sher Atta Desi Style 20 lbs**
ਸ਼ੇਰ ਆਟਾ ਦੇਸੀ ਸਟਾਈਲ
$13.99 bag

**Green Elaichi (Cardamom)**
ਹਰੀ ਇਲਾਇਚੀ
$15.99 lb

Product images may differ from the actual product.

**Thur Oct 20, 2022 - Tue Oct 25, 2022**
We reserve the right to limit the quantities while they last
**Specials valid for Lower Mainland only**

**22 LOCATIONS TO SERVE YOU**
Head Office: 7676 Anvil Way, Surrey
604-502-0005
www.fruiticana.com

fruiticana SINCE 1994

BUSINESS HOURS 9 AM - 9 PM 7 DAYS A WEEK

Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. ---------------- 236-317-6272
Surrey ----------- 12990 72nd Ave. ------------- 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. ---------------- 604-372-2023
Surrey ----------- 101-7228 192St. -------------- 604-575-3750
New Westminster 101-331 6th St. -------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. -------------- 604-321-9931
Richmond-------- 4101 No.5 Rd. ---------------- 604-244-9520